# ਵਿਗਿਆਨ ਜੋਤ



ਕੀ
## ਹੋਮੀਓਪੈਥਿਕ
ਦਵਾਈਆਂ ਨਾਲ
ਸਰੀਰ ਦੀ ਬਿਮਾਰੀ
ਰੋਧਿਕ ਸ਼ਕਤੀ
ਵਧਾਈ ਜਾ ਸਕਦੀ
ਹੈ ?

ਮਈ 2020

# ਕੀ ਹੋਮੀਓਪੈਥਿਕ ਦਵਾਈਆਂ ਨਾਲ ਸਰੀਰ ਦੀ ਬਿਮਾਰੀ ਰੋਧਿਕ ਸ਼ਕਤੀ ਵਧਾਈ ਜਾ ਸਕਦੀ ਹੈ ?

ਮੇਘ ਰਾਜ ਮਿੱਤਰ

ਪੰਜਾਬ ਸਰਕਾਰ ਤੇ ਭਾਰਤ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਮਰੀਜ਼ਾਂ ਦੀ ਬਿਮਾਰੀ ਰੋਧਿਕ ਸ਼ਕਤੀ ਨੂੰ ਤਕੜਾ ਕਰਨ ਲਈ ਹੋਮੀਓਪੈਥਿਕ ਦਵਾਈਆਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਦੇ ਇਸ ਫੈਸਲੇ ਦਾ ਸੁਆਗਤ ਕਰੀਏ ਸਾਨੂੰ ਇਹ ਦੇਖਣਾ ਪਾਏਗਾ ਕਿ ਕੀ ਇਹ ਪੈਥੀ ਵਿਗਿਆਨਕ ਹੈ ਜਾਂ ਗੈਰ ਵਿਗਿਆਨਕ ? ਕਿਤੇ ਇਹ ਸਰਕਾਰਾਂ ਆਮ ਜਨਤਾ ਨੂੰ ਗੁੰਮਰਾਹ ਤਾਂ ਨਹੀਂ ਕਰ ਰਹੀਆਂ ? ਅਸੀਂ ਜਾਣਦੇ ਹਾਂ ਕਿ ਕੋਈ ਵੀ ਪੈਥੀ ਉਨ੍ਹਾਂ ਚਿਰ ਵਿਗਿਆਨਕ ਪੈਥੀ ਨਹੀਂ ਕਹੀ ਜਾ ਸਕਦੀ ਜਿੰਨਾ ਚਿਰ ਉਹ ਵਿਗਿਆਨਕ ਢੰਗ ਨਾਲ ਪਰਖ ਤੇ ਪੂਰਾ ਨਹੀਂ ਉਤਰਦੀ ਹੈ ਸਾਨੂੰ ਪਤਾ ਹੈ ਕਿ ਕਿਸੇ ਪੈਥੀ ਨੂੰ ਤਦ ਵਿਗਿਆਨਕ ਪੈਥੀ ਕਿਹਾ ਜਾ ਸਕਦਾ ਹੈ ਜੇ ਉਹ ਪ੍ਰਯੋਗਾਂ ਨਿਰੀਖਣਾਂ ਤੇ ਪਰਖਾਂ ਤੇ ਪੂਰੀ ਉਤਰਦੀ ਹੋਵੇ। ਹੁਣ ਅਸੀਂ ਦੇਖ ਰਹੇ ਹਾਂ ਕਿ ਕੋਰੋਨਾ-19 ਨੂੰ ਠੀਕ ਕਰਨ ਲਈ ਬਹੁਤ ਸਾਰੀਆਂ ਦਵਾਈਆਂ ਦੀ ਪਰਖ ਹੋ ਰਹੀ ਹੈ ਦੁਨੀਆਂ ਦੇ ਲੱਖਾਂ ਵਿਗਿਆਨਕ ਦਿਨ ਰਾਤ ਦਵਾਈਆਂ ਅਤੇ ਟੀਕਿਆਂ ਦੀਆਂ ਖੋਜਾਂ ਵਿੱਚ ਰੁਝੇ ਹੋਏ ਹਨ ਪਹਿਲਾਂ ਇਹਨਾਂ ਦੀ ਪਰਖ ਸੰਬੰਧੀ ਬਹੁਤ ਸਾਰੇ ਸਵਾਲ ਪੈਦਾ ਕੀਤੇ ਜਾਂਦੇ ਹਨ ਕਿ ਖੋਜੀ ਜਾ ਰਹੀ ਦਵਾਈ ਮਰੀਜ਼ਾਂ ਨੂੰ ਕਿਵੇਂ ਠੀਕ ਕਰਦੀ ਹੈ ਫਿਰ ਉਸ ਦੀ ਪਰਖ ਚੂਹਿਆਂ ਤੇ ਕੀਤੀ ਜਾਂਦੀ ਹੈ ਉਸ ਤੋਂ ਬਾਅਦ ਮਨੁੱਖਾਂ ਦੇ ਛੋਟੇ ਗਰੁੱਪਾਂ ਤੇ ਕੀਤੀ ਜਾਂਦੀ ਹੈ ਫਿਰ ਦਰਮਿਆਨੇ ਗਰੁੱਪਾਂ ਤੇ ਫਿਰ ਵੱਡੇ ਗਰੁੱਪਾਂ ਤੇ ਕੀਤੀ ਜਾਂਦੀ ਹੈ ਇਸ ਤੋਂ ਬਾਅਦ ਤੰਦਰੁਸਤ ਮਨੁੱਖਾਂ ਤੇ ਕੀਤੀ ਜਾਂਦੀ ਹੈ। ਤੇ ਫਿਰ ਬਿਮਾਰ ਮਨੁੱਖਾਂ ਤੇ ਕੀਤੀ ਜਾਂਦੀ ਹੈ। ਇਸ ਵਿਧੀ ਨੂੰ ਸਾਲਾਂ ਵਧੀ ਲੱਗ ਜਾਂਦੇ ਹਨ। ਹੁਣ ਮੈਂ ਜਾਣਦਾ ਹਾਂ ਕਿ ਹੋਮੋਪੈਥੀ ਦਵਾਈਆਂ ਤੇ ਨਾਂ ਤਾਂ ਪ੍ਰਯੋਗ ਕੀਤੇ ਜਾ ਸਕਦੇ ਹਨ ਨਾਂ ਪਰਖ ਕੀਤੀ ਜਾ ਸਕਦੀ ਹੈ ਤੇ ਨਾ ਨਿਰੀਖਣ ਕੀਤਾ ਜਾ ਸਕਦਾ ਹੈ ਕਿਉਂਕਿ ਇਹ ਪੈਥੀ ਤਾਂ ਹਰੇਕ ਵਿਅਕਤੀ ਅਤੇ ਹਰੇਕ ਡਾਕਟਰ ਦੇ ਨਿਜੀ ਤਜ਼ਰਬੇ ਉੱਤੇ ਨਿਰਧਾਰਿਤ ਹੁੰਦੀ ਹੈ। ਕੋਈ ਵੀ ਡਾਕਟਰ ਕਿਸੇ ਮਰੀਜ ਦੇ ਸਿੰਪਟਮ ਪੁੱਛਦਾ ਹੈ ਸਿੰਪਟਮਾਂ ਦੀ ਜਾਣਕਾਰੀ ਲੈ ਕੇ ਹੀ ਫਿਰ ਫੈਸਲਾ ਕੀਤਾ ਜਾਂਦਾ ਹੈ ਕਿ ਇਸ ਉਪਰ ਕਿਹੜੀ ਦਵਾਈ ਢੁੱਕਵੀ ਬੈਠਦੀ ਹੈ ਇਸ ਲਈ ਹੀ ਇਹ ਪੈਥੀ ਸੰਸਾਰ ਪੱਧਰ ਦੇ ਉਪਰ ਕੋਈ ਵਿਗਿਆਨਕ ਪੈਥੀ ਨਹੀਂ ਗਿਣੀ ਜਾਂਦੀ ਸਗੋਂ ਇਸ ਨੂੰ ਤਾਂ ਬਹੁਤ ਸਾਰੇ ਦੇਸ਼ਾਂ ਨੇ ਆਪਣੀ ਨੀਮ ਹਕੀਮਾਂ ਵਾਲੀ ਪ੍ਰਣਾਲੀ ਦੀ ਸੂਚੀ ਵਿੱਚ ਪਾਇਆ ਹੋਇਆ ਹੈ। ਇਸ ਲਈ ਇਹ ਕੋਈ ਵਿਗਿਆਨਕ ਪੈਥੀ ਨਹੀਂ ਸਮਝੀ ਜਾਂਦੀ।





ਅਗਲੀ ਗੱਲ ਇਸ ਦੀਆਂ ਬੂੰਦਾਂ ਵਿੱਚ ਕੀ ਕੋਈ ਦਵਾਈ ਹੁੰਦੀ ਹੈ? ਮੈਂ ਸਮਝਦਾ ਹਾਂ ਇਹਨਾਂ ਬੂੰਦਾਂ ਵਿੱਚ ਦਵਾਈ ਦੀ ਮਾਤਰਾ ਹੋ ਹੀ ਨਹੀਂ ਸਕਦੀ ਕਿਉਂਕਿ ਜਦੋਂ ਇਸ ਦੀਆਂ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ ਉਹਨਾਂ ਵਿੱਚ ਸਪਿਰਟ ਦੀ ਮਾਤਰਾ ਹਰ ਵਾਰ ਉਸ ਦਵਾਈ ਤੋਂ ਦਸ ਗੁਣਾਂ ਵੱਧ ਪਾਈ ਜਾਂਦੀ ਹੈ ਫਿਰ ਇਸ ਤੋਂ ਤਕੜੀ ਦਵਾਈ ਬਣਾਉਣ ਲਈ ਇੱਕ ਤੁਬਕਾ ਲੈਕੇ ਇਸ ਤੋਂ ਦਸ ਗੁਣਾਂ ਸਪਿਰਟ ਪਾ ਦਿੰਦੇ ਹਨ। ਜਾਣੀ ਕੇ ਸਿਰਫ ਦੋ ਪੁਟੈਂਸੀ ਦਵਾਈ ਬਣਾਉਣ ਲਈ ਦਵਾਈ ਸੌਂਵਾ ਹਿੱਸਾ ਰਹਿ ਜਾਂਦੀ ਹੈ ਤਿੰਨ ਪੋਟੈਂਸੀ ਵੇਲੇ ਦਵਾਈ ਹਜਾਰਵਾਂ ਹਿੱਸਾ ਰਹਿ ਜਾਂਦੀ ਹੈ ਇਹਨਾਂ ਦੀਆਂ ਪੁਟੈਂਸ਼ੀਆਂ 10, 100 ਫਿਰ 1000 ਫਿਰ 10000 ਫਿਰ 100000 ਇਸ ਤਰ੍ਹਾਂ ਵੱਧਦੇ ਜਾਂਦੇ ਦਸ ਲੱਖ ਪੁਟੈਂਸ਼ੀ ਤੱਕ ਦੀਆਂ ਦਵਾਈਆਂ ਬਣ ਜਾਂਦੀਆਂ ਹਨ। ਤੁਸੀਂ ਇਸ ਗੱਲ ਦਾ ਅੰਦਾਜਾ ਲਾ ਸਕਦੇ ਹੋ ਕਿ ਧਰਤੀ ਤੋਂ ਚੰਦਰਮਾ ਦੀ ਦੂਰੀ ਚਾਰ ਲੱਖ ਕਿਲੋ ਮੀਟਰ ਹੈ ਜੇ ਇੰਨੇ ਅਰਧ ਵਿਆਸ ਦਾ ਗੋਲਾ ਲੈ ਲਈਏ ਤੇ ਉਸ ਸਾਰੇ ਗੋਲੇ ਵਿੱਚ ਸਪਿਰਟ ਭਰ ਲਈਏ। ਉਸ ਵਿੱਚ ਇੱਕ ਚੁਟਕੀ ਖਾਣ ਵਾਲੇ ਲੂਣ ਦੀ ਪਾ ਦਈਏ ਉਸ ਗੋਲੇ ਵਿੱਚ ਭਰੀ ਹੋਈ ਸਪਿਰਟ ਦੀਆਂ ਦੋ ਬੂੰਦਾਂ ਖੰਡ ਦੀਆਂ ਗੋਲੀਆਂ ਪਾ ਕੇ ਦੇ ਦਿੱਤੀਆਂ ਜਾਣ ਤਾਂ ਇਹ ਇਹਨਾਂ ਦੀ ਤੀਹ ਪੁਟੈਂਸੀ ਦੀ ਦਵਾਈ ਹੁੰਦੀ ਹੈ ਸੌ ਪੁਟੈਂਸ਼ੀ ਦੀ ਦਵਾਈ ਨੂੰ ਤੀਹ ਗੁਣਾਂ ਪੁਟੈਂਸ਼ੀ ਦੀ ਦਵਾਈ ਤੋਂ ਅਰਬਾਂ ਗੁਣਾਂ ਸ਼ਕਤੀਸ਼ਾਲੀ ਕਿਹਾ ਜਾਂਦਾ ਹੈ ਉਸ ਦਾ ਘੁਣਫਲ ਇੰਨਾ ਹੋ ਜਾਂਦਾ ਹੈ ਕਿ ਸੂਰਜ ਦੀ ਦੂਰੀ ਸਾਡੀ ਧਰਤੀ ਤੋਂ ਪੰਦਰਾਂ ਕਰੋੜ ਕਿਲੋਮੀਟਰ ਹੈ ਜੇ ਇਸ ਅਰਧ ਵਿਆਸ ਦਾ ਗੋਲਾ ਲੈ ਲਈਏ ਇਸ ਵਿੱਚ ਸਪਿਰਟ ਭਰ ਦਈਏ ਤੇ ਇੱਕ ਚੁਟਕੀ ਲੂਣ ਦੀ ਪਾ ਦਈਏ ਇਸ ਵਿੱਚੋਂ ਕੁੱਝ ਬੂੰਦਾਂ ਤੁਹਾਨੂੰ ਦੇ ਦਿੱਤੀਆਂ ਜਾਣ ਇਹ ਇਹਨਾਂ ਦੀ ਸੌ ਪੁਟੈਂਸੀ ਦੀ ਦਵਾਈ ਹੋਵੇਗੀ। ਇੱਥੇ ਇਹ ਪੈਥੀ ਵਾਲੇ ਇੱਕ ਵਿਗਿਆਨਕ ਸੋਚ ਦੀਆਂ ਧੱਜੀਆਂ ਵੀ ਉਡਾ ਦਿੰਦੇ ਹਨ ਇਹ ਕਹਿੰਦੇ ਹਨ ਜਿਉਂ-ਜਿਉਂ ਬੂੰਦਾਂ ਵਿੱਚ ਦਵਾਈ ਦੀ ਮਾਤਰਾ ਘੱਟਦੀ ਜਾਂਦੀ ਹੈ ਉਹ ਦਵਾਈ ਹੋਰ ਤਾਕਤਵਰ ਹੋ ਜਾਂਦੀ ਹੈ। ਇਹਨਾਂ ਅਨੁਸਾਰ ਸੌ ਪੋਟੀਸ਼ੀ ਦੀ ਦਵਾਈ ਵਿੱਚ ਪਦਾਰਥ ਦੀ ਮਾਤਰਾ ਘੱਟ ਹੋਵੇਗੀ ਪਰ




**No. Homeopathic medicines are <u>much</u> more dilute than that!**

ਇਹ ਤੀਹ ਪੁਟੈਂਸੀ ਦੀ ਦਵਾਈ ਨਾਲੋਂ ਜਿਆਦਾ ਤਾਕਤਵਰ ਹੋਵੇਗੀ।

ਉਂਝ ਵੀ ਇਹ ਵੇਖਣ ਵਿੱਚ ਆਇਆ ਹੈ ਜਿੱਥੇ ਅੰਗਰੇਜ਼ੀ ਦਵਾਈਆਂ ਦੇ ਹਸਪਤਾਲਾਂ ਦੇ ਨਾਲ-ਨਾਲ ਹੋਮੀਓਪੈਥਿਕ ਡਿਸਪੈਸਰੀਆਂ ਵੀ ਖੁੱਲੀਆਂ ਹੋਈਆਂ ਹਨ ਤਾਂ ਹੋਮੀਓਪੈਥਿਕ ਦਵਾਈ ਲੈਣ ਵਾਲੇ ਮਰੀਜ਼ਾਂ ਦੀ ਗਿਣਤੀ ਅੰਗਰੇਜੀ ਦਵਾਈ ਲੈਣ ਵਾਲੇ ਮਰੀਜ਼ਾਂ ਦੀ ਗਿਣਤੀ ਮੁਕਾਬਲੇ ਨਿਗੂਣੀ ਹੁੰਦੀ ਹੈ। ਉਂਝ ਵੀ ਹੁਣ ਤੱਕ ਇਹਨਾਂ ਪੈਥੀਆਂ ਨੇ ਜਿਹਨਾਂ ਨੂੰ ਭਾਰਤ ਸਰਕਾਰ ਨੇ ਮਾਨਤਾ ਦਿੱਤੀ ਹੈ ਇਹਨਾਂ ਪੈਥੀਆਂ ਨੇ ਅੱਜ ਤੱਕ ਕਿਸੇ ਵੀ ਇੱਕ ਬਿਮਾਰੀ ਦਾ ਖੁਰਾਖੋਜ ਧਰਤੀ ਤੋਂ ਨਹੀਂ ਮਿਟਾਇਆ। ਪਰ ਅੰਗਰੇਜ਼ੀ ਦਵਾਈਆਂ ਨੇ ਸੈਂਕੜੇ ਦਵਾਈਆਂ ਜਿਹੀਆਂ ਹਨ ਜਿੰਨੇ ਦੇ ਖੁਰਾਖੋਜ ਧਰਤੀ ਤੋਂ ਸਦਾ ਲਈ ਮਿਟਾ ਦਿੱਤੇ ਹਨ। ਅਸੀਂ ਨਿੱਕੇ ਹੁੰਦੇ ਵੇਖਦੇ ਸਾਂ ਕਿ ਬਹੁਤ ਸਾਰੇ ਵਿਅਕਤੀਆਂ ਦੇ ਮੂੰਹ ਦਾਗਾਂ ਨਾਲ ਭਰੇ ਹੁੰਦੇ ਸਨ ਸੁਣਦੇ ਸਾਂ ਇਹਨਾਂ ਨੂੰ ਮਾਤਾ ਨਿਕਲੀ ਸੀ ਜਿਸ ਨਾਲ ਦਾਗ ਪੈ ਗਏ। ਪਰ ਅੱਜ ਕੱਲ ਅਜਿਹੇ ਵਿਅਕਤੀ ਨਹੀਂ ਮਿਲਦੇ। ਅੱਜ ਧਰਤੀ ਤੋਂ 99% ਲੋਕ ਪੋਲੀਓ ਮੁਕਤ ਹੋ ਚੁੱਕੇ ਹਨ। ਆਦਮੀ ਦੀ ਔਸਤ ਉਮਰ ਵਿੱਚ ਵੀ ਕਾਫੀ ਵਾਧਾ ਹੋਇਆ ਹੈ। 1931 ਦੀ ਮਰਦਮ ਸੁਮਾਰੀ ਦੇ ਅੰਕੜੇ ਦੱਸਦੇ ਹਨ ਕਿ ਵਿਅਕਤੀਆਂ ਦੀ ਔਸਤ ਉਮਰ 32-33 ਵਰ੍ਹੇ ਹੀ ਸੀ ਪਰ ਅੱਜ ਭਾਰਤ ਵਿੱਚ ਵੀ ਇਹ 67 ਸਾਲ ਹੋ ਚੁੱਕੀ ਹੈ।

ਵਧੀਆ ਗੱਲ ਹੁੰਦੀ ਕਿ ਭਾਰਤ ਸਰਕਾਰ ਜਾਂ ਪੰਜਾਬ ਸਰਕਾਰ ਖੁਦ ਆਪਣੀ ਨਿਗਰਾਨੀ ਹੇਠ ਇਹ ਟੈਸਟਟਿੰਗ ਕਰਾਉਂਦੀ ਫਿਰ ਇਸ ਨਿਰਣੇ ਤੇ ਪੁੱਜਦੀ ਤਾਂ ਇਹ ਬਹੁਤ ਸਾਰੀ ਜਨਤਾ ਲਈ ਚੰਗਾ ਫੈਸਲਾ ਹੁੰਦਾ। ਉਂਝ ਵੀ ਇਹ ਦੇਖਣ ਵਿੱਚ ਆਇਆ ਹੈ ਕਿ ਹੋਮੀਓਪੈਥਿਕ ਦੇ 90% ਡਾਕਟਰ ਅੰਗਰੇਜ਼ੀ ਦਵਾਈਆਂ ਨੂੰ ਵਰਤਣ ਲੱਗ ਜਾਂਦੇ ਹਨ ਜਿਸ ਲਈ ਉਹ ਅਯੋਗ ਹੁੰਦੇ ਹਨ ਭਾਰਤ ਦੇ ਸੁਪਰੀਮ ਕੋਰਟ ਨੇ ਵੀ ਇਹ ਫੈਸਲਾ ਦਿੱਤਾ ਸੀ ਕਿ ਜਿਸ ਪੈਥੀ ਦੀ ਕੋਈ ਵਿਅਕਤੀ ਯੋਗਤਾ ਨਹੀਂ ਰੱਖਦਾ ਉਹ ਹੋਰ ਕੋਈ ਪੈਥੀ ਵਰਤਦਾ ਹੈ ਤਾਂ ਇਹ ਕਾਰਵਾਈ ਗੈਰ ਕਾਨੂੰਨੀ ਹੈ ਤੇ ਸ਼ਜਾ ਯੋਗ ਹੈ, ਹੁਣ ਭਾਰਤ ਸਰਕਾਰ ਦਾ ਇਹ ਕਹਿਣਾ ਹੈ ਕਿ ਲੋਕ ਇਮੂਨਿਟ ਵਧਾਉਣ ਲਈ ਹੋਮੀਓਪੈਥਿਕ ਦਵਾਈਆਂ ਇਸਤੇਮਾਲ ਕਰ ਸਕਦੇ ਹਨ। ਅਸੀਂ ਜਾਣਦੇ ਹਾਂ ਇਮੂਨਿਟੀ ਵਧਾਉਣ ਲਈ ਵਿਟਾਮਿਨ ਸੀ ਡੀ ਖਾਂਦੇ ਜਾਂਦੇ ਹਨ। ਸਾਡੇ ਰਸੋਈ ਵਿੱਚ ਮਿਲਣ ਵਾਲੇ ਬਹੁਤ ਸਾਰੇ ਪਦਾਰਥ ਅਜਿਹੇ ਹੁੰਦੇ ਹਨ ਜਿਹੜੇ ਸਾਡੇ ਸਰੀਰ ਦੀ ਇਮੂਨਿਟੀ ਵਧਾਉਣ ਲਈ ਵਰਤੇ ਜਾਂਦੇ ਹਨ। ਪਰ ਇਹ ਸਾਡੇ ਸਰੀਰ ਦੀ ਇਮੂਨਿਟੀ ਲਈ ਕਾਫੀ ਨਹੀਂ ਹੁੰਦੇ। ਵਿਟਾਮਿਨ ਸੀ ਤੇ ਡੀ ਅਜਿਹੇ ਪਦਾਰਥ ਹਨ ਇਹਨਾਂ ਦੀ ਪਰਖ ਲੈਬੋਰੇਟੀ ਟੈਸਟਾਂ ਵਿੱਚ ਹੋ ਸਕਦੀ ਹੈ। ਸੋ ਸਾਨੂੰ ਇਮੂਨਿਟੀ ਵਧਾਉਣ ਲਈ ਵਿਟਾਮਿਨ ਡੀ ਤੇ ਸੀ ਦੇ ਨਾਲ ਚੰਗੀਆਂ ਖੁਰਾਕਾਂ ਵੀ ਲੈਣੀਆਂ ਚਾਹੀਦੀਆਂ ਹਨ।

# IAS
ਬਣਨ ਦੇ ਸੁਪਨੇ ਨੂੰ ਸਾਕਾਰ ਕਰਨ ਵਿਚ ਇਹ ਕਿਤਾਬਾਂ ਤੁਹਾਡੇ ਲਈ ਸਹਾਈ ਹੋ ਸਕਦੀਆਂ ਹਨ।



300/-



300/-



300/-

## ਵਿਦਿਆਰਥੀਆਂ ਦੀ ਸੋਚ ਨੂੰ ਵਧੀਆ ਬਨਾਉਣ ਲਈ ਇਹ ਕਿਤਾਬਾਂ ਜ਼ਰੂਰ ਪੜ੍ਹਾਓ



150/-



150/-



150/-



150/-



150/-



150/-



100/-



150/-

## ਸਵੈ ਵਿਸ਼ਵਾਸ਼ ਵਧਾਉਣ ਅਤੇ ਸੋਚ ਨੂੰ ਵਧੀਆ ਬਨਾਉਣ ਲਈ ਕਿਤਾਬਾਂ



250/-



200/-



130/-



150/-



200/-



200/-



160/-



200/-



160/-

# ਕੋਰੋਨਾ ਵਾਇਰਸ ਤੇ ਧਾਰਮਿਕ ਵਿਸ਼ਵਾਸ਼

**ਮੇਘ ਰਾਜ ਮਿੱਤਰ**



ਅੱਜ ਦੁਨੀਆਂ ਦੇ ਵਿੱਚ ਇੱਕ ਵੱਡੀ ਮਹਾਂਮਾਰੀ ਫੈਲੀ ਹੋਈ ਹੈ। ਜਿਸ ਵਿੱਚ ਲੱਖਾਂ ਵਿਅਕਤੀਆਂ ਦੇ ਮਾਰੇ ਜਾਣ ਦੀ ਸੰਭਾਵਨਾ ਹੈ ਇਹ ਭਾਵੇਂ ਚਾਈਨਾ ਦੇ ਸ਼ਹਿਰ ਵੂਹਾਨ ਤੋਂ ਦਸੰਬਰ 2019 ਵਿੱਚ ਸ਼ੁਰੂ ਹੋਈ। ਲੰਬੇ ਸਮੇਂ ਤੋਂ ਇਸ ਗੱਲ ਦੀ ਉਮੀਦ ਸੀ ਕਿ ਹੁਣ ਦੁਨੀਆਂ ਇੱਕ ਪਿੰਡ ਦਾ ਰੂਪ ਧਾਰਨ ਕਰ ਗਈ ਹੈ। ਹਰ ਰੋਜ਼ ਹਰ ਸ਼ਹਿਰ ਦੇ ਕਈ-ਕਈ ਹਵਾਈ ਜਹਾਜ ਲੱਖਾਂ ਵਿਅਕਤੀਆਂ ਨੂੰ ਇੱਕ ਦੂਜੇ ਦੇਸ਼ਾਂ ਵਿੱਚ ਪਹੁੰਚਾਉਂਦੇ ਹਨ ਇਸ ਲਈ ਕੋਈ ਵੀ ਲਾਗ ਦੀ ਬਿਮਾਰੀ ਹੁਣ ਇੱਕ ਇਲਾਕੇ ਤੱਕ ਸੀਮਿਤ ਨਹੀਂ ਰਹਿ ਸਕਦੀ। ਸਗੋਂ ਸੁਮੱਚੀ ਦੁਨੀਆਂ ਉਸ ਦੀ ਮਾਰ ਹੇਠ ਆ ਜਾਂਦੀ ਹੈ। ਅੱਜ ਦਾ ਵਾਇਰਸ ਕੋਵਿਡ 19 ਇੱਕ ਨਵਾਂ ਵਾਇਰਸ ਹੈ। ਜਿਹੜਾ ਕਿ ਕੁਦਰਤ ਵਿੱਚ ਆਪਣੇ ਆਪ ਵਿਕਸਤ ਹੋ ਗਿਆ। ਸਾਨੂੰ ਪਤਾ ਹੈ ਕਿ ਕੁਦਰਤ ਵਿੱਚ ਜੀਵਾਂ ਵਿੱਚ ਅਚਨਚੇਤੀ ਤਬਦੀਲੀਆਂ ਆਉਂਦੀਆਂ ਹਨ ਇਹ ਵਾਇਰਸ ਵੀ ਅਚਨਚੇਤੀ ਤਬਦੀਲੀ ਦਾ ਸਿੱਟਾ ਹੈ। ਭਾਵੇਂ ਅਮਰੀਕਾ ਚਾਈਨਾ ਤੇ ਦੋਸ਼ ਲਾ ਰਿਹਾ ਹੈ ਦੁਨੀਆਂ ਦੇ ਹੋਰ ਮੁਲਕ ਵੀ ਇਸ ਨੂੰ ਚੀਨੀ ਵਾਇਰਸ ਕਹਿਣ ਲੱਗ ਪਏ ਹਨ। ਨਵੇਂ ਵਾਇਰਸਾਂ ਨਾਲ ਨਵੀਆਂ ਬਿਮਾਰੀਆਂ ਹੋਂਦ ਵਿੱਚ ਆਉਂਦੀਆਂ ਰਹਿੰਦੀਆਂ ਹਨ ਤੇ ਵਿਗਿਆਨੀ ਉਹਨਾਂ ਤੇ ਕਾਬੂ ਪਾ



ਲੈਂਦੇ ਹਨ। ਇਹ ਵਾਇਰਸ ਕੋਵਿਡ-19 ਨਵਾਂ ਵਾਇਰਸ ਹੈ। ਵਾਇਰਸ ਹੋਣ ਕਾਰਨ ਇਸ ਦੀ ਲਾਗ ਬਹੁਤ ਜ਼ਿਆਦਾ ਹੋਣ ਕਾਰਨ ਇਹ ਬਹੁਤ ਸਾਰੇ ਦੇਸ਼ਾਂ 'ਚ ਫੈਲ ਗਿਆ ਹੈ। ਜਿਵੇਂ ਅਸੀਂ ਜਾਣਦੇ ਹਨ ਕਿ ਵਾਇਰਸ ਪਹਿਲਾਂ ਵੀ ਫੈਲਦੇ ਰਹਿੰਦੇ ਹਨ ਜਿਵੇਂ ਏਂਡਜ਼ ਦਾ ਵਾਇਰਸ ਅਮਰੀਕਾ ਵਿੱਚ ਪੈਦਾ ਹੋਇਆ ਤੇ ਸੁਮੱਚੀ ਦੁਨੀਆਂ ਵਿੱਚ ਫੈਲ ਗਿਆ ਇਸੇ ਤਰ੍ਹਾਂ ਐਚ1 ਐਨ1 ਅਮਰੀਕਾ ਦੇ ਵਿੱਚ ਪਹਿਲੀ ਵਾਰ ਮਿਲਿਆ। ਅੱਜ ਦੁਨੀਆਂ ਦੇ ਲੱਖਾਂ ਵਿਗਿਆਨਕ ਦਿਨ ਰਾਤ ਇਸ ਦੀਆਂ ਦਵਾਈਆਂ ਤੇ ਟੀਕਿਆਂ ਦੇ ਰੂਪ ਵਿੱਚ ਹੱਲ ਲੱਭਣ ਲਈ ਲੱਗੇ ਹੋਏ ਹਨ। ਦੁਨੀਆਂ ਭਰ ਦੇ ਉਪਰ ਇਸ ਦੇ ਉਪਰ ਸਿਆਸਤ ਹੋ ਰਹੀ ਹੈ। ਯੂ. ਐਨ. ੳ. ਨੇ 30 ਜਨਵਰੀ ਨੂੰ ਹੀ ਇਸ ਮਹਾਮਾਰੀ ਦਾ ਐਲਾਣ ਕਰ ਦਿੱਤਾ ਸੀ।

ਇਹ ਵਾਇਰਸ ਉਹਨਾਂ ਦੇਸ਼ਾਂ 'ਚ ਜ਼ਿਆਦਾ ਫੈਲਿਆ ਹੈ ਜਿੱਥੇ ਹਸਪਤਾਲ ਅਤੇ ਦਵਾਈਆਂ ਦੀਆਂ ਸਾਰੀਆਂ ਫੈਕਟਰੀਆਂ ਨਿੱਜੀ ਹੱਥਾਂ ਵਿੱਚ ਸਨ। ਪਰ ਇਸ ਦੇ ਮੁਕਾਬਲੇ ਉਹਨਾਂ ਦੇਸ਼ਾਂ ਨੇ ਇਸ ਨੂੰ ਛੇਤੀ ਨੱਥ ਪਾਈ ਹੈ। ਜਿਹਨਾਂ ਦੇਸ਼ਾਂ ਵਿੱਚ ਥੋੜ੍ਹੀ ਬਹੁਤ ਸਮਾਜਵਾਦੀ ਹੋਂਦ ਮੌਜੂਦ ਸੀ। ਭਾਰਤ ਵਿੱਚ ਇਸ ਵਾਇਰਸ ਦਾ ਸਿਆਸੀ ਲਾਹਾ ਖੱਟਣ ਦੇ ਯਤਨ ਕੀਤੇ ਜਾ ਰਹੇ ਹਨ। ਅਸੀਂ ਦੇਖਿਆ ਹੈ ਕਿ ਨਿਜ਼ਾਮੁਦੀਨ ਮਰਕਜ਼ ਵਿੱਚ ਇਬਾਦਤ ਲਈ ਇਕੱਠੇ ਹੋਏ ਲਗਭਗ 3000 ਤਬਲੀਗੀਆਂ ਨੂੰ ਉਨ੍ਹਾਂ ਦੇ ਵਾਰ-ਵਾਰ ਬੇਨਤੀਆਂ ਕਰਨ ਤੇ ਵੀ ਕਰਫਿਊ ਵਿੱਚ ਛੋਟ ਨਹੀਂ ਦਿੱਤੀ ਗਈ। ਇਸ ਦੇ ਮੁਕਾਬਲੇ ਹਰਿਦੁਆਰ ਵਿੱਚ ਫਸੇ 1500 ਕਰੀਬ ਹਿੰਦੂ ਗੁਜਰਾਤੀ ਯਾਤਰੀਆਂ ਨੂੰ ਉਹਨਾਂ ਦੇ ਘਰੋ ਘਰੀ ਪਹੁੰਚਣ ਲਈ ਤੁਰੰਤ ਬੱਸਾਂ ਭੇਜ ਦਿੱਤੀਆਂ ਗਈਆਂ ਤੇ ਬਾਅਦ ਵਿੱਚ ਇਹ ਪ੍ਰਚਾਰ ਕੀਤਾ ਗਿਆ ਕਿ ਭਾਰਤ ਵਿੱਚ ਇਹ ਵਾਇਰਸ ਤਬਲੀਗੀ ਜਮਾਤ ਵੱਲੋਂ ਫੈਲਾਇਆ ਗਿਆ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੁਨੀਆਂ ਭਰ ਵਿੱਚ ਇਸ ਵਾਇਰਸ ਨੂੰ ਫੈਲਾਉਣ ਲਈ ਧਾਰਮਿਕ ਲੋਕ ਜ਼ਿਆਦਾ ਜਿੰਮੇਵਾਰ ਹਨ। ਅਸਲ ਵਿੱਚ ਧਰਮ ਲੋਕਾਂ ਨੂੰ ਕਲਪਨਾਵਾਂ ਵਿੱਚ ਲੈ ਜਾਂਦਾ ਹੈ। ਇਹ ਕਲਪਨਾ ਵਿੱਚ ਹੀ ਆਪਣੇ ਆਪ ਨੂੰ ਇੰਨਾ ਉਲਝਾ ਲੈਂਦੇ ਹਨ ਕਿ ਉਹਨਾਂ ਨੂੰ ਅਸਲੀਅਤ ਵਿਖਾਈ ਦੇਣੀ ਹੀ ਬੰਦ ਹੋ ਜਾਂਦੀ ਹੈ। ਉਹ ਕੁਦਰਤ ਦਾ ਆਨੰਦ ਵੀ ਨਹੀਂ ਮਾਣ ਸਕਦੇ। ਉਹਨਾਂ ਨੂੰ ਕਲਪਨਾ ਸੰਸਾਰ ਵਿੱਚੋਂ ਆਨੰਦ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸ ਲਈ ਧਰਮ ਦੇ ਨਾਂ ਤੇ ਲੋਕਾਂ ਨੂੰ ਵਰਗਲਾ ਕੇ ਵੋਟਾਂ ਪੱਕੀਆਂ ਕੀਤੀਆਂ ਜਾਂਦੀਆਂ ਹਨ। ਘਟੀਆਂ ਸਿਆਸਤਦਾਨਾਂ ਦੇ ਦਿਮਾਗਾਂ ਵਿੱਚ ਅਜਿਹੀਆਂ ਚਾਲਾਂ ਘਰ ਕਰ ਜਾਂਦੀਆਂ ਹਨ। ਅਸੀਂ ਜਾਣਦੇ ਹਾਂ ਕਿ ਭਾਰਤ ਵਿੱਚ ਭਾਰਤ ਦੀ ਵਸੋਂ ਦਾ ਵੱਡਾ ਭਾਗ ਤਾਂ ਹਿੰਦੂ ਲੋਕ ਹਨ ਪਰ ਮੁਸਲਿਮ ਧਰਮ ਵੀ ਕਾਫੀ ਵੱਡੀ ਗਿਣਤੀ ਵਿੱਚ ਹੈ। ਇਸ ਲਈ ਬਹੁ ਧਰਮ

ਦਾ ਪੱਖ ਪੂਰਣ ਲਈ ਘੱਟ ਸਮੰਤੀ ਧਰਮਾਂ ਵਾਲਿਆਂ ਨੂੰ ਖੂੰਜੇ ਲਾਉਣਾ ਇਸ ਸਰਕਾਰ ਦੀ ਸੋੜੀ ਰਾਜਨੀਤੀ ਹੈ।

ਆਓ ਹੁਣ ਅਸੀਂ ਦੇਖੀਏ ਕਿ ਇਹ ਵਾਇਰਸ ਦੁਨੀਆਂ ਭਰ ਵਿੱਚ ਕਿਵੇਂ ਫੈਲ ਗਿਆ। ਅਸੀਂ ਜਾਣਦੇ ਹਾਂ ਕਿ ਧਾਰਮਿਕ ਵਿਅਕਤੀ ਧਾਰਮਿਕ ਸਥਾਨਾਂ ਤੇ ਵੱਡੇ-ਵੱਡੇ ਇਕੱਠ ਕਰਨ ਦੇ ਆਦੀ ਹੁੰਦੇ ਹਨ। ਮੱਕਾ ਮਦੀਨੇ ਵਿੱਚ ਲੱਖਾਂ ਬੰਦੇ ਇਕੱਠੇ ਹੋ ਜਾਂਦੇ ਹਨ। ਇਸੇ ਤਰ੍ਹਾਂ ਕੁੰਭ ਦੇ ਮੇਲੇ ਦੇ ਉਪਰ ਲੱਖਾਂ ਸਰਧਾਲੂ ਪੁੱਜ ਜਾਂਦੇ ਹਨ। ਇਸੇ ਤਰ੍ਹਾਂ ਪੰਜਾਬ ਵਿੱਚ ਆਨੰਦਪੁਰ ਸਾਹਿਬ ਦਾ ਹੋਲਾ ਮੁਹੱਲਾ ਵੀ ਜਿਹੇ ਇਕੱਠ ਕਰਨ ਤੋਂ ਪਿੱਛੇ ਨਹੀਂ ਰਹਿੰਦਾ। ਅਜਿਹੇ ਸਥਾਨਾਂ ਤੇ ਵਾਇਰਸ ਦਾ ਫੈਲਾਓ ਆਮ ਤੌਰ ਤੇ ਹੋ ਹੀ ਜਾਂਦਾ ਹੈ। ਸੁਮੱਚੀ ਦੁਨੀਆਂ ਵਿੱਚ ਜਿਹੇ ਇਕੱਠ ਇਹਨਾਂ ਸਮਿਆਂ ਵਿੱਚ ਹੋਏ। ਇਹ ਇਕੱਠ ਲੱਖਾਂ ਵਿਅਕਤੀਆਂ ਦੀ ਮੌਤ ਲਈ ਜਿੰਮੇਵਾਰ ਹੋ ਨਿੱਬੜਦੇ ਹਨ। ਜਿਵੇਂ ਫਰਵਰੀ ਦੇ ਅੰਤਲੇ ਦਿਨਾਂ ਵਿੱਚ ਇਰਾਨ ਦੇ ਸ਼ਹਿਰ ਕੂੰਮ ਵਿੱਚ ਲੱਖਾਂ ਸੀਆ ਮੁਸਲਮ 23-24 ਫਰਵਰੀ ਨੂੰ ਇਕੱਠੇ ਹੋਏ। ਕਿਉਂਕਿ ਇਹ ਸ਼ਹਿਰ ਸੀਆ ਮੁਸਲਮਾਂ ਦੀ ਧਾਰਮਿਕ ਰਾਜਧਾਨੀ ਹੈ। ਇੱਥੇ ਇੱਕੋ ਦਿਨ ਹੀ 2400 ਵਿਅਕਤੀਆਂ ਦੀ ਮੌਤ ਇਸ ਵਾਇਰਸ ਕਰਕੇ ਹੋ ਗਈ। ਇਸੇ ਤਰ੍ਹਾਂ ਮਲੇਸ਼ੀਆਂ ਦੀ ਰਾਜਧਾਨੀ ਕੁਆਲਾਲੰਪੁਰ ਵਿਖੇ ਤਬਲੀਗੀ ਜਮਾਤ ਦੇ 16000 ਲੋਕ ਇਕੱਠੇ ਹੋ ਗਏ ਭਾਵੇਂ ਕਿ ਇਹ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ ਸੀ। ਇੱਥੇ ਵੀ ਕਰੋਨਾ ਵਾਇਰਸ ਵੱਡੀ ਮਾਤਰਾ ਵਿੱਚ ਫੈਲ ਗਿਆ। ਇਹ ਲੋਕ ਦੁਨੀਆਂ ਦੇ ਵੱਖ-ਵੱਖ ਭਾਗਾਂ ਵਿੱਚੋਂ ਆਏ ਸਨ। ਹੁਣ ਇਸਲਾਮ ਧਰਮ ਕਹਿੰਦਾ ਹੈ ਕਿ 'ਬਿਮਾਰੀ ਤਾਂ ਅੱਲ੍ਹਾ ਦੇ ਤਰਫ ਤੋਂ ਆਉਂਦੀ ਹੈ। ਅੱਲ੍ਹਾ ਲਗਾਤਾ ਹੈ ਤੋਂ ਲੱਗਤੀ ਹੈ ਜ਼ਿੰਦਗੀ ਮੌਤ ਅੱਲ੍ਹਾ ਦੇ ਹੱਥ ਵਿੱਚ ਹੈ। ਲੋਕ ਆਪਣਾ ਟਾਈਮ ਆਉਣ ਤੇ ਹੀ ਮਰਦੇ ਹਨ।' ਇਸੇ ਤਰ੍ਹਾਂ ਹਿੰਦੂ ਧਰਮ ਕਹਿੰਦਾ ਹੈ ਕਿ 'ਸਰੀਰ ਵਿੱਚੋਂ ਆਤਮਾ ਨਿੱਕਲ ਜਾਂਦੀ ਹੈ। ਕਿਸੇ ਹੋਰ ਜੂਨੀ ਵਿੱਚ ਪੈ ਜਾਂਦੀ ਹੈ।'



ਇਸੇ ਤਰ੍ਹਾਂ ਸਿੱਖ ਧਰਮ ਕਹਿੰਦਾ ਹੈ 'ਘੱਲੇ ਆਵੇ ਨਾਨਕਾ ਸੱਦੇ ਉਠਿ ਜਾਇ।' ਅਸੀਂ ਦੇਖਦੇ ਹਾਂ ਕਿ ਪੰਜਾਬ ਵਿੱਚ ਵੀ ਇਸ ਬਿਮਾਰੀ ਦੀ ਸ਼ੁਰੂਆਤ ਲਈ ਗਿਆਨੀ ਬਲਦੇਵ ਸਿੰਘ ਦਾ ਆਨੰਦਪੁਰ ਸਾਹਿਬ ਵਿੱਚ ਹੋਲੇ ਮੁਹੱਲੇ ਵਿੱਚ ਜਾ ਕੇ ਰਹਿਣਾ ਬਣਿਆ। ਇਸ ਤਰ੍ਹਾਂ ਉਹ ਕਈ ਵਿਅਕਤੀਆਂ ਨੂੰ ਹੋਲੇ

ਮਹੱਲੇ ਵਿੱਚ ਇਸ ਵਾਇਰਸ ਦਾ ਪ੍ਰਸ਼ਾਦ ਵੰਡ ਗਿਆ। ਫਿਰ ਆਪਣੇ ਪਿੰਡ ਪਠਲਾਵਾ ਵਿਖੇ ਆਪਣੇ ਘਰ ਦੇ ਜੀਆਂ ਨੂੰ ਵੀ ਲਾਗ ਦੇ ਗਿਆ। ਇਹ ਵਿਅਕਤੀ ਬਲਦੇਵ ਸਿੰਘ ਭਾਵੇਂ ਬਾਹਰ ਰਹਿੰਦਾ ਸੀ। ਪਰ ਕੀਰਤਨ ਕਰਨ ਲਈ ਬਹੁਤ ਥਾਵਾਂ ਤੇ ਜਾਂਦਾ ਆਉਂਦਾ ਰਹਿੰਦਾ ਸੀ। ਪੰਜਾਬ ਵਿੱਚ ਪਹਿਲੀ ਮੌਤ ਵੀ ਇਸੇ ਵਿਅਕਤੀ ਦੀ ਹੋਈ ਇਸੇ ਤਰ੍ਹਾਂ ਪਦਮ ਸ੍ਰੀ ਨਿਰਮਲ ਸਿੰਘ ਦਾ ਕੇਸ ਲੈ ਲਈਏ। ਤਾਂ ਉਸ ਨੇ ਵੀ 23-24 ਮਾਰਚ ਨੂੰ ਚੰਡੀਗੜ੍ਹ ਵਿਖੇ ਕਿਸੇ ਘਰ ਵਿੱਚ 100 ਵਿਅਕਤੀਆਂ ਨੂੰ ਇਕੱਠੇ ਕੀਤਾ। ਤੇ ਉਹਨਾਂ ਵਿੱਚੋਂ ਕਈ ਇਸ ਵਾਇਰਸ ਦੀ ਲਪੇਟ ਵਿੱਚ ਆ ਗਏ। 2 ਅਪ੍ਰੈਲ ਨੂੰ ਸ੍ਰੀ ਨਿਰਮਲ ਸਿੰਘ ਜੀ ਅੰਮ੍ਰਿਤਸਰ ਦੇ ਗੁਰੂ ਤੇਗ ਬਹਾਦਰ ਹਸਪਤਾਲ ਵਿੱਚ ਦਮ ਤੋੜ ਗਏ। ਹਾਲਤ ਇੰਨੇ ਮਾੜੇ ਹੋ ਗਏ ਕਿ ਪਿੰਡ ਵਿੱਚ ਉਹਨਾਂ ਦਾ ਸੰਸਕਾਰ ਕਰਨਾ ਵੀ ਔਖਾ ਹੋ ਗਿਆ।

ਇਸੇ ਤਰ੍ਹਾਂ ਹਜ਼ੂਰ ਸਾਹਿਬ ਇਕੱਠੇ ਹੋਏ 3500 ਲੋਕਾਂ ਨੂੰ ਪੰਜਾਬ ਲਿਆਉਣ ਲਈ ਪੰਜਾਬ ਸਰਕਾਰ ਨੇ ਇਲਾਕਿਆਂ ਦੇ ਐਮ.ਐਲ.ਏ. ਦੇ ਕਹਿਣ ਤੇ 90 ਬੱਸਾਂ ਭੇਜ ਦਿੱਤੀਆਂ। ਹਰੇਕ ਏ.ਸੀ. ਬੱਸ ਵਿੱਚ ਲਗਭਗ 40 ਵਿਅਕਤੀ ਬੈਠਾਏ ਗਏ। ਏ.ਸੀ. ਬੱਸਾਂ ਦੇ ਇਸ ਲੰਬੇ ਸਫਰ ਦੌਰਾਨ ਹਜ਼ਾਰਾਂ ਵਿਅਕਤੀਆਂ ਨੂੰ ਇਸ ਵਾਇਰਸ ਨੇ ਆਪਣੀ ਲਪੇਟ ਵਿੱਚ ਲੈ ਲਿਆ। ਮਾਤਾ ਵੈਸ਼ਨੂੰ ਦੇਵੀ ਦੇ ਮੰਦਰ ਵਿਖੇ ਅਤੇ ਬਨਾਰਸ ਅਤੇ ਵਾਰਾਨਸੀ ਮਾਤਾ ਦੇ ਮੰਦਰਾਂ ਦੇ ਅੱਗੇ ਲੱਖਾਂ ਲੋਕ ਇਕੱਠੇ ਹੁੰਦੇ ਰਹਿੰਦੇ ਹਨ। ਇਸੇ ਤਰ੍ਹਾਂ ਅੱਜ ਜੋ ਗੁਜਰਾਤ ਵਿੱਚ ਮਹਾਮਾਰੀ ਫੈਲੀ ਹੈ ਉਹ ਸ਼ਰਧਾਲੂਆਂ ਦੇ ਹਿੰਦੂ ਮੰਦਰਾਂ ਦੀ ਯਾਤਰਾ ਕਰਕੇ ਫੈਲੀ ਹੈ। ਇਹ ਲੋਕ ਇਸ ਗੱਲ ਵਿੱਚ ਵਿਸ਼ਵਾਸ਼ ਕਰਦੇ ਹਨ ਕਿ 'ਆਤਮਾ ਤਾਂ ਜਾਮਾ ਬਦਲਦੀ ਹੈ।' ਇਵੇਂ ਹੀ ਇਸਾਈਆਂ ਵਿੱਚ ਮਾਸ ਦੀ ਪ੍ਰੰਪਰਾ ਹੈ। ਇਟਲੀ ਵਿੱਚ ਇਸ ਵਾਇਰਸ ਨੇ ਵੱਡਾ ਨੁਕਸਾਨ ਕੀਤਾ ਹੈ ਕਿਉਂਕਿ ਉਥੇ ਦੇ ਚਰਚ ਦੇ ਪਾਦਰੀ ਸਮਝਦੇ ਹਨ ਕਿ ਸਭ ਕੁੱਝ ਉਸ ਪਿਤਾ ਦੇ ਕਹਿਣ ਤੇ ਹੁੰਦਾ ਹੈ। ਉਥੇ ਦੇ ਇੱਕ ਡਾਕਟਰ ਨੇ ਦੱਸਿਆ ਹੈ। ਕਿ ਇਟਲੀ ਦਾ ਇੱਕ ਪਾਦਰੀ ਕਹਿਣ ਲੱਗਿਆ ਮੈਂ ਕਰੋਨਾ ਦੇ 120 ਮਰੀਜ਼ਾਂ ਨੂੰ ਉਨ੍ਹਾਂ ਦੇ ਅੰਤਲੇ ਸਮੇਂ ਬਾਈਬਲ ਪੜ੍ਹਕੇ ਸੁਣਾਈ ਹੈ। ਇਸ ਲਈ ਮੈਂ ਵੀ ਇਸ ਵਾਇਰਸ ਦਾ ਸ਼ਿਕਾਰ ਹੋ ਗਿਆ। ਉਹ ਵੀ ਹਸਪਤਾਲ ਵਿੱਚ ਦਾਖਲ ਹੋਣ ਸਮੇਂ ਆਪਣੇ ਨਾਲ ਬਾਈਬਲ ਲੈ ਕੇ ਆਇਆ ਅਤੇ ਉਸਦੀ ਬੇਟੀ ਵੀ ਵਾਇਰਸ ਦੀ ਸ਼ਿਕਾਰ ਹੋ ਗਈ। ਉਹ ਵੀ ਬਾਈਬਲ ਲੈ ਕੇ ਦਾਖਲ ਹੋ ਗਈ। ਉਹ ਕਹਿੰਦੇ ਹਨ ਕਿ ਅਸੀਂ ਇੱਕ ਦੂਜੇ ਨੂੰ ਬਾਈਬਲ ਸੁਣਾਉਂਦੇ ਹੋਏ ਆਰਾਮ ਨਾਲ ਮਰ ਸਕਾਂਗੇ। ਉਸਦਾ ਵਿਸ਼ਵਾਸ਼ ਸੀ ਕਿ ਸਾਡਾ 'ਗਾਡ' ਕਰੋਨਾ ਨਾਲੋਂ ਵੱਧ ਸ਼ਕਤੀਸਾਲੀ ਹੈ ਉਹ ਸਾਡੀ ਰਾਖੀ ਕਰੇਗਾ।

# ਸੰਸਾਰ ਪ੍ਰਸਿੱਧ ਕਿੱਸੇ, ਨਾਵਲ ਅਤੇ ਕਹਾਣੀ ਸੰਗ੍ਰਹਿ



















































# ਪੁਲਾੜ ਯੁੱਧ ਤੋਂ ਕਰੋਨਾ ਯੁੱਗ ਤੱਕ....

## ਸਰਬਜੀਤ ਸੋਹੀ, ਆਸਟਰੇਲੀਆ

ਦੂਸਰੀ ਸੰਸਾਰ ਜੰਗ ਤੋਂ ਬਾਅਦ ਲੋਕ-ਪੱਖੀ ਸੋਵੀਅਤ ਰੂਸ ਅਤੇ ਸਾਮਰਾਜੀ ਅਮਰੀਕੀ ਵਿੱਚ ਠੰਡੀ ਜੰਗ ਦੇ ਨਾਲ-ਨਾਲ ਇਕ ਪੁਲਾੜ ਯੁੱਧ ਵੀ ਚੱਲਦਾ ਸੀ। ਜਿਸਦਾ ਸਿਖ਼ਰ ਨੀਲ ਆਰਮਸਟ੍ਰਾਂਗ ਦੁਆਰਾ ਚੰਦਰਮਾ ਤੇ ਪੈਰ ਰੱਖਣਾ ਸੀ। ਇਸ ਯੁੱਧ ਵਿੱਚ ਬੇਸ਼ੱਕ ਅਮਰੀਕਾ ਨੇ ਵੀ ਖੋਜ ਪੱਖੋਂ ਕਾਫ਼ੀ ਪ੍ਰਾਪਤੀਆਂ ਕੀਤੀਆਂ, ਪਰ ਸੋਵੀਅਤ ਰੂਸ ਦੇ ਪੁਲਾੜ ਵਿਚਲੇ ਪ੍ਰੋਗਰਾਮਾਂ ਦੇ ਮੁਕਾਬਲੇ ਅਮਰੀਕਾ ਬਹੁਤ ਪਿੱਛੇ ਸੀ। ਆਖ਼ਰਕਾਰ ਅਮਰੀਕਾ ਨੇ ਵਿਗਿਆਨ ਨੂੰ ਸੰਦ ਵਜੋਂ ਵਰਤ ਕੇ 1969 ਵਿੱਚ 'Fake Moon Landing' ਦਾ ਪ੍ਰਦਰਸ਼ਨ ਕਰਕੇ ਇਹ ਮਨੋਵਿਗਿਆਨ ਜੰਗ ਜਿੱਤ ਲਈ। ਹਾਲਾਂਕਿ ਉਸ ਵੇਲੇ ਪੂਰੇ ਵਿਸ਼ਵ ਵਿੱਚ ਕੰਪਿਊਟਰ ਤਾਂ ਦੂਰ ਦੀ ਗੱਲ, ਕੈਲਕੁਲੇਟਰ ਬਣਾਉਣ ਜੋਗੀ ਤਕਨੋਲਜੀ ਵੀ ਨਹੀਂ ਸੀ। ਪਰ ਇਸ ਨਾਲ ਟੈਕਸ-ਪੇਅਰ ਨੂੰ ਸੰਤੁਸ਼ਟੀ ਮਿਲ ਗਈ। ਕਮਿਊਨਿਜਮ ਦੇ ਮੁਕਾਬਲੇ ਪੂੰਜੀਵਾਦ ਦੀ ਜੈ-ਜੈਕਾਰ ਹੋ ਗਈ। ਇੰਟਰਨੈਟ ਅਤੇ ਸੰਚਾਰ ਸਾਧਨ ਸੀਮਤ ਹੋਣ ਦੇ ਬਾਵਜੂਦ ਵੀ ਬਹੁਤ ਸਵਾਲ ਉੱਠੇ, ਪਰ ਰਾਸ਼ਟਰਵਾਦ ਦੇ ਬੈਂਡ ਵਾਜੇ ਵਿੱਚ ਲੋਕਾਂ ਨੂੰ ਕੁੱਝ ਵੀ ਸੁਣਾਈ ਨਹੀਂ ਦਿੰਦਾ। ਨੋਟ ਕੀਤਾ ਜਾਵੇ ਇਹ ਵਿਗਿਆਨ ਦਾ ਝੂਠ ਨਹੀਂ, ਰਾਜਨੀਤੀ ਦਾ ਝੂਠ ਸੀਃ- ਵੀਹਵੀਂ ਸਦੀ ਦਾ ਸਭ ਤੋਂ ਵੱਡਾ ਝੂਠ। ਸੰਨ੍ਹ 1992 ਵਿੱਚ ਸੋਵੀਅਤ ਰੂਸ ਦੇ ਵਿਘਟਨ ਦੇ ਨਾਲ ਹੀ ਇਸ ਲੰਬੀ ਕਸ਼ਮਕਸ਼ ਦਾ ਅੰਤ ਹੋ ਗਿਆ। ਇਸੇ ਸਾਲ ਹੀ WTO ਗਲੋਬਲਾਈਜੇਸ਼ਨ ਤਹਿਤ ਕਰ-ਮੁਕਤ ਵਪਾਰ ਦਾ ਮਾਡਲ ਲੈ ਕੇ ਆਇਆ। ਉਸ ਵੇਲੇ ਅਮਰੀਕਾ ਅਤੇ ਹੋਰ ਪੱਛਮੀ ਦੇਸ਼ ਸੋਚਦੇ ਸਨ ਕਿ ਏਸ਼ੀਆ/ਅਫ਼ਰੀਕਾ ਅਤੇ ਦੱਖਣ ਅਮਰੀਕੀ ਦੇਸ਼ ਗਰੀਬ ਹਨ, ਅਸੀਂ



ਉੱਥੇ ਆਪਣੇ ਉਤਪਾਦ ਵੇਚ ਕੇ ਆਰਥਿਕ ਤੌਰ ਤੇ ਵਿਸ਼ਵ ਗੁਲਾਮ ਬਣਾ ਲਵਾਂਗੇ। ਵਿਸ਼ਵ ਮੰਡੀ ਦੀ ਸ਼ੁਰੂਆਤ ਹੋਈ, ਜਿਸ ਵਿੱਚ ਹੌਲੀ ਹੌਲੀ ਪੱਛਮ ਦੀ ਸਰਦਾਰੀ ਖੁਰਨ ਲੱਗੀ। ਪਿਛਲੇ ਦਹਾਕੇ ਵਿੱਚ ਚੀਨ ਨੇ ਉਤਪਾਦਨ ਦੇ ਖੇਤਰ ਵਿੱਚ ਆਪਣੀ ਇਜਾਰੇਦਾਰੀ ਕਾਇਮ ਕਰਦਿਆਂ ਪਾਸਾ ਹੀ ਪਲਟ ਕੇ ਰੱਖ ਦਿੱਤਾ। ਚੀਨ ਦੀ ਨਿਯੰਤ੍ਰਿਤ ਸਮਾਜਵਾਦੀ ਅਰਥ ਵਿਵਸਥਾ ਅੱਗੇ ਓਪਨ ਪੂੰਜੀਵਾਦ ਪ੍ਰਬੰਧ ਲਾਚਾਰ ਹੋ ਕੇ ਰਹਿ ਗਿਆ। ਵੇਖਦਿਆਂ ਵੇਖਦਿਆਂ ਚੀਨ ਸੰਸਾਰ ਦੀ ਬਹੁਤ ਵੱਡੀ ਆਰਥਿਕ ਸ਼ਕਤੀ ਬਣ ਗਿਆ, ਇਸ ਨਾਲ ਫਿਰ ਵਿਸ਼ਵ ਵਿਚ ਅਮਰੀਕਾ ਦੀ ਸਰਦਾਰੀ ਖੁਰਨ ਲੱਗੀ ਅਤੇ ਇਕ ਟਰੇਡ ਵਾਰ ਸ਼ੁਰੂ ਹੋ ਗਈ।

2020 ਵਿੱਚ ਕਰੋਨਾ ਦੀ ਦਸਤਕ ਹੋਈ ਅਤੇ ਪੂਰਾ ਵਿਸ਼ਵ ਇਸਦੀ ਗ੍ਰਿਫ਼ਤ ਵਿੱਚ ਆ ਗਿਆ। ਚੀਨ ਤੋਂ ਸ਼ੁਰੂ ਹੋਇਆ ਇਹ ਪ੍ਰਕੋਪ ਉੱਥੇ ਤਾਂ ਰੁੱਕ ਗਿਆ, ਪਰ ਯੂਰੋਪ ਅਤੇ ਅਮਰੀਕਾ ਵਿੱਚ ਲਾਸ਼ਾਂ ਦੇ ਅੰਬਾਰ ਲੱਗਣੇ ਸ਼ੁਰੂ ਹੋ ਗਏ, ਕਹਿੰਦੇ ਕਹਾਉਂਦੇ ਸਿਹਤ ਢਾਂਚੇ ਢਹਿ-ਢੇਰੀ ਹੋ ਗਏ। ਕਰੋਨਾ ਕਾਰਨ ਪੈਦਾ ਹੋਏ ਸੰਕਟ ਵਿੱਚ ਇਕ ਵਾਰ ਫਿਰ ਸਾਬਤ ਹੋ ਗਿਆ ਕਿ ਪੂੰਜੀਵਾਦੀ ਢਾਂਚਾ ਉਸ ਗੱਦੇ ਵਾਂਗ ਹੈ- ਜਿਸ ਵਿੱਚ ਹਵਾ ਤਹਾਨੂੰ ਆਪਣੇ ਮੂੰਹ ਨਾਲ ਭਰਨੀ ਪੈਂਦੀ ਹੈ। ਇਹ ਗੱਦਾ ਬਹੁਤ ਸੁਵਿਧਾਜਨਕ ਅਤੇ ਆਰਾਮਦਾਇਕ ਹੈ, ਪਰ ਇਹ ਸੱਚ ਹੈ ਕਿ ਇਸ ਵਿੱਚ ਇਕ ਵਾਇਰਸ ਵੀ ਛੇਕ ਕਰ ਸਕਦਾ ਹੈ। ਚੀਨ ਦੁਆਰਾ ਕੀਤਾ ਗਿਆ ਕੰਟਰੋਲ ਹੁਣ ਪੂੰਜੀਵਾਦੀ ਦੇਸ਼ਾਂ ਨੂੰ ਚੁੱਭਦਾ ਹੈ। ਦੂਸਰੇ ਪਾਸੇ ਵੀਅਤਨਾਮ, ਕਿਊਬਾ, ਲਾਉਸ, ਉੱਤਰੀ ਕੋਰੀਆ ਕਰੋਨਾ ਵਿੱਚ ਸੁਰੱਖਿਅਤ ਵੀ ਹਨ ਤੇ ਸਕਾਰਤਮਕ ਭੂਮਿਕਾ ਵੀ ਨਿਭਾ ਰਹੇ ਹਨ। ਇਸ ਕਮਿਊਨਿਜਮ ਪੱਖੀ ਮਾਹੌਲ ਵਿੱਚ ਅਮਰੀਕਨ ਖੇਮੇ ਨੇ ਆਪਣੀ ਹਾਰ ਮਹਿਸੂਸ ਕਰਦਿਆਂ ਵਿਗਿਆਨ ਨੂੰ ਸੰਦ ਬਣਾਉਣ ਦੀ ਪਾਲਸੀ ਅਪਣਾ ਲਈ ਹੈ। ਬਹੁਤਾ ਪੱਛਮੀ ਮੀਡੀਆ, ਵਿਗਿਆਨੀ, ਰਾਜਨੀਤੀਵਾਨ ਅਤੇ ਖੋਜ ਅਦਾਰੇ ਚੀਨ ਦੇ ਕਰੋਨਾ ਕੰਟਰੋਲ ਨੂੰ ਭੰਡਣ ਅਤੇ ਵਾਇਰਸ ਫੈਲਾਉਣ ਵਾਲ਼ੀਆਂ ਅਫ਼ਵਾਹਾਂ ਨਾਲ ਇਕ ਹੋਰ ਮਨੋਵਿਗਿਆਨਿਕ ਯੁੱਧ ਵਿੱਚ ਉਤਰ ਆਏ ਹਨ। ਅਮਰੀਕਾ ਇਹ ਪ੍ਰਚਾਰ ਕਰਕੇ ਦੁਨੀਆਂ ਨੂੰ ਚੀਨ ਖਿਲਾਫ਼ ਤੀਜੀ ਸੰਸਾਰ ਜੰਗ ਲਈ ਤਿਆਰ ਕਰ ਰਿਹਾ ਹੈ। ਕਰੋਨਾ ਅੱਗੇ ਬੇਵੱਸ ਹੋਏ ਪੱਛਮ ਕੋਲ ਲੋਕਾਂ ਦੇ ਅਸੰਤੋਸ਼ ਨੂੰ ਵਰਤਣ ਦਾ ਇਹ ਕੋਝਾ ਪੈਂਤੜਾ ਕਾਮਯਾਬ ਨਹੀਂ ਹੋਵੇਗਾ, ਕਿਉਂਕਿ 2020 ਦਾ ਵਿਸ਼ਵ ਚੰਨ ਤੇ ਬੰਦਾ ਤਾਂ ਕੀ ? ਬੰਦੇ ਵਿਚ ਆਏ ਵਾਇਰਸ ਦੀ ਤਹਿ ਤੱਕ ਵੀ ਪਹੁੰਚ ਸਕਦਾ ਹੈ !

# ਇਹ ਕਹਾਣੀ ਨਹੀਂ

## ਗੱਗਬਾਣੀ

ਸਾਰਾ ਕੁੱਝ ਚਾਣਚੱਕ ਨਹੀਂ ਵਾਪਰਦਾ। ਇਸ ਤਰ੍ਹਾਂ ਹਮੇਸ਼ਾ ਹੁੰਦਾ ਆਇਆ ਹੈ। ਇਹ ਇਤਫ਼ਾਕ ਨਹੀਂ, ਇਹ ਅੰਨ੍ਹੀ ਹੋ ਚੁੱਕੀ ਮੁਨਾਫ਼ੇ ਦੀ ਹਵਸ ਹੈ। ਇਸ ਵਾਰ ਵੀ ਉਹੋ ਹੋਇਆ ਹੈ ਜੋ ਅਸੀਂ ਸਭ-ਕੁੱਝ ਸਮਝਦੇ ਹੋਏ ਵੀ ਚੱਕੀ ਦੇ ਪੁੜਾਂ ਵਿੱਚ ਫ਼ਸਣ ਲਈ ਇੱਕ ਦੂਸਰੇ ਨੂੰ ਮਿੱਧਦੇ ਫ਼ਿਰਦੇ ਹਾਂ।

**ਕੀ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਕੀ ਹੋਇਆ ਹੈ ?**

ਮੈਨੂੰ ਪਤਾ ਹੈ, ਤੁਸੀਂ ਕੁੱਝ ਵੀ ਜਾਣਨਾ ਨਹੀਂ ਚਾਹੁੰਦੇ। ਤੁਹਾਡੀ ਜਗਿਆਸਾ ਦਾ ਕਤਲ ਹੋ ਚੁੱਕਾ ਹੈ। ਪਰ ਫ਼ਿਰ ਵੀ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਕੀ ਹੋਇਆ ਹੈ।

ਉਹ ਬਹੁਤ ਅਮੀਰ ਸਨ। ਉਹਨਾਂ ਦੀ ਲਿਆਕਤ, ਉਹਨਾਂ ਦੀ ਜਵਾਨੀ ਅਤੇ ਉਹਨਾਂ ਦੀ ਮਿਹਨਤ ਉਹਨਾਂ ਦੀ ਅਮੀਰੀ ਸੀ ਅਤੇ ਇਹੋ ਅਮੀਰੀ ਉਹਨਾਂ ਦੀ ਦੁਸ਼ਮਣ ਬਣ ਗਈ।

ਉਹਨਾਂ ਦੀ ਜਿੰਨੀ ਸਮਰੱਥਾ ਸੀ, ਉਸ ਤੋਂ ਕਿਤੇ ਵੱਧ ਉਹਨਾਂ ਕੋਲੋਂ ਕੰਮ ਲਿਆ ਗਿਆ। ਜਦੋਂ ਉਹਨਾਂ ਦਾ ਸਰੀਰ ਹੋਰ ਕੰਮ ਕਰਨ ਦੇ ਸਮਰੱਥ ਨਾ ਰਿਹਾ ਤਾਂ ਉਹਨਾਂ ਨੂੰ ਖ਼ਤਮ ਕਰਨ ਦੀਆਂ ਸਕੀਮਾਂ ਘੜੀਆਂ ਜਾਣ ਲੱਗੀਆਂ। ਕਿਉਂਕਿ ਜਦੋਂ ਤੱਕ ਉਹਨਾਂ ਦੇ ਸਾਹ ਚੱਲਦੇ ਹਨ, ਉਹਨਾਂ ਨੂੰ ਜਿਉਂਦੇ ਰਹਿਣ ਲਈ ਖ਼ੁਰਾਕ ਦੀ ਲੋੜ ਰਹਿੰਦੀ ਹੈ।

ਜਦੋਂ ਕਿਸੇ ਦਾ ਉਤਪਾਦਨ ਵਿੱਚ ਕੋਈ ਹਿੱਸਾ ਨਾ ਰਹੇ ਤਾਂ ਉਸ ਨੂੰ ਕੌਣ ਖਵਾਉਂਦਾ ਹੈ ? ਉਸ ਨੂੰ ਬੋਝ ਸਮਝਿਆ ਜਾਂਦਾ ਹੈ। ਇਸ ਬੋਝ ਨੂੰ ਲਾਹੁਣ ਲਈ ਕੁੱਝ ਤਾਂ ਕਰਨਾ ਹੀ ਪੈਂਦਾ ਹੈ। ਮੁਨਾਫ਼ਾ ਬੇਕਿਰਕ ਹੁੰਦਾ ਹੈ, ਇਸ ਦੀ ਕੋਈ ਸੰਵੇਦਨਾ ਨਹੀਂ ਹੁੰਦੀ।

ਉਹਨਾਂ ਨਾਲ ਵੀ ਇਹੋ ਹੋਇਆ। ਮੁਨਾਫ਼ੇ ਨੂੰ ਉਹਨਾਂ ਦੀ ਲੋੜ ਨਹੀਂ ਰਹੀ। ਉਹਨਾਂ ਨੂੰ ਖ਼ਤਮ ਕਰਨਾ ਹੀ ਮੁਨਾਫ਼ੇ ਦੀ ਲੋੜ ਸੀ।



ਰਾਤੋ-ਰਾਤ ਇੱਕ ਹੁਕਮ ਜਾਰੀ ਕੀਤਾ ਗਿਆ। ਇਹ ਹੁਕਮ ਡੰਡੇ ਦੇ ਜ਼ੋਰ 'ਤੇ ਲਾਗੂ ਕੀਤਾ ਗਿਆ। ਹੁਕਮ ਸੀ ਕਿ ਜਿੱਥੇ ਹੋ, ਜਿਵੇਂ ਵੀ ਹੋ, ਜਿਸ ਵੀ ਹਾਲਾਤ ਵਿੱਚ ਹੋ, ਓਥੇ ਹੀ ਰਹੋ।

ਉਹਨਾਂ ਦਾ ਰਾਸ਼ਨ ਪਾਣੀ ਬੰਦ ਕਰ ਦਿੱਤਾ ਗਿਆ। ਉਹਨਾਂ ਨੂੰ ਭੁੱਖੇ ਰਹਿਣ ਲਈ ਮਜ਼ਬੂਰ ਕਰ

ਦਿੱਤਾ ਗਿਆ। ਉਹਨਾਂ ਨੂੰ ਧਰਮ ਦੇ ਨਸ਼ੇ ਦੀ ਡੋਜ਼ ਦਿੱਤੀ ਗਈ। ਉਹਨਾਂ ਦੇ ਕਮਜ਼ੋਰ ਹੋਣ ਦਾ ਇੰਤਜ਼ਾਰ ਕੀਤਾ ਗਿਆ। ਉਹਨਾਂ ਦੀ ਬਗ਼ਾਵਤ ਉੱਠਣ ਤੋਂ ਪਹਿਲਾਂ ਹੀ ਕੁਚਲ ਦਿੱਤੀ ਗਈ।

ਹੁਣ ਉਹਨਾਂ ਦਾ ਕੋਈ ਸੁਪਨਾ ਨਹੀਂ ਰਿਹਾ। ਉਹ ਡੌਰਿਆਂ ਵਾਂਗੂ ਇੱਕ ਦੂਸਰੇ ਨੂੰ ਵੇਖਣ ਲੱਗ ਪਏ। ਕਿਤਿਓਂ ਵੀ, ਕੁੱਝ ਵੀ ਖਾਣ ਲਈ ਮਿਲ ਜਾਵੇ, ਉਹਨਾਂ ਨੂੰ ਇਸ ਹਾਲ ਤੱਕ ਲਿਆਂਦਾ ਗਿਆ। ਹੁਣ ਉਹਨਾਂ ਨੂੰ ਸਿਰਫ਼ ਤੇ ਸਿਰਫ਼ ਭੋਜਨ ਦੇ ਹੀ ਸੁਪਨੇ ਆਉਂਦੇ। ਸੀਮਿੰਟ, ਪੱਥਰ ਦੀਆਂ ਕੰਧਾਂ ਵੀ ਉਹਨਾਂ ਨੂੰ ਭੋਜਨ ਦਿਸਣ ਲੱਗ ਪੀਆਂ।

ਜਦੋਂ ਇਹ ਨਿਸ਼ਚਿਤ ਹੋ ਗਿਆ ਕਿ ਇਹ ਹੁਣ ਕੁੱਝ ਵੀ ਕਰਨ ਜੋਗੇ ਨਹੀਂ, ਉਹਨਾਂ ਦੇ ਸਾਹਮਣੇ ਆਰਾ ਮਸ਼ੀਨ ਲਗਾ ਦਿੱਤੀ ਗਈ ਅਤੇ ਉਸ ਦੇ ਹੇਠ੍ਹਾਂ ਭੋਜਨ ਦੇ ਭੰਡਾਰ ਲਗਾ ਦਿੱਤੇ ਗਏ ਅਤੇ ਉਹਨਾਂ ਦੇ ਸੰਗਲ਼ ਖੋਲ੍ਹ ਦਿੱਤੇ ਗਏ।

ਹੈਰਾਨ ਨਾ ਹੋਵੋ। ਇਹ ਆਰਾ ਮਸ਼ੀਨ ਹੀ ਸੀ, ਕੋਈ ਰੇਲਗੱਡੀ ਨਹੀਂ ਸੀ।

ਸੰਗਲ਼ ਖੁੱਲ੍ਹਦੇ ਸਾਰ ਹੀ ਉਹ ਹਾਬੜਿਆਂ ਵਾਂਗੂ ਭੋਜਨ 'ਤੇ ਟੁੱਟ ਪਏ। ਉਹਨਾਂ ਨੂੰ ਭੁੱਲ ਗਿਆ ਕਿ ਉਹਨਾਂ ਦੇ ਸਿਰ 'ਤੇ ਆਰਾ ਚੱਲ ਰਿਹਾ ਹੈ। ਪਹਿਲੀ ਗ੍ਰਾਹੀ ਗਲ਼ ਵਿੱਚੋਂ ਲੰਘਣ ਤੋਂ ਪਹਿਲਾਂ ਹੀ ਉਹਨਾਂ ਦੇ ਸਿਰ ਧੜ ਨਾਲੋਂ ਵੱਖ ਹੋ ਚੁੱਕੇ ਸਨ।

ਬੀਫ਼ ਏਸੇ ਤਰ੍ਹਾਂ ਬਣਾਇਆ ਜਾਂਦਾ ਹੈ। ਅਸੀਂ ਬੀਫ਼ ਨਹੀਂ ਖਾਂਦੇ। ਅਸੀਂ ਗਊ ਦੇ ਜਾਏ ਹਾਂ। ਅਸੀਂ ਬੀਫ਼ ਖਾ ਹੀ ਨਹੀਂ ਸਕਦੇ। ਪਰ ਬੀਫ਼ ਏਸੇ ਤਰ੍ਹਾਂ ਬਣਾਇਆ ਜਾਂਦਾ ਹੈ।

ਕੀ ਤੁਸੀਂ ਬੀਫ਼ ਖਾਧਾ ਹੈ ?

ਕੀ ਤੁਸੀਂ ਬੀਫ਼ ਖਾਣਾ ਚਾਹੁੰਦੇ ਹੋ ?

ਕੀ ਤੁਸੀਂ ਬੀਫ਼ ਬਣਾਉਣ ਦੀ ਪ੍ਰਕਿਰਿਆ ਤੋਂ ਜਾਣੂੰ ਹੋ ?

ਮੈਂ ਪਹਿਲਾਂ ਹੀ ਕਿਹਾ ਸੀ। ਕਿ ਸਾਰਾ ਕੁੱਝ ਚਾਣਚੱਕ ਨਹੀਂ ਵਾਪਰਦਾ। ਇਸ ਤਰ੍ਹਾਂ ਹਮੇਸ਼ਾ ਹੁੰਦਾ ਆਇਆ ਹੈ। ਇਹ ਇਤਫ਼ਾਕ ਨਹੀਂ, ਇਹ ਅੰਨ੍ਹੀ ਹੋ ਚੁੱਕੀ ਮੁਨਾਫ਼ੇ ਦੀ ਹਵਸ ਹੈ। ਇਸ ਵਾਰ ਵੀ ਉਹੋ ਹੋਇਆ ਹੈ ਜੋ ਅਸੀਂ ਸਭ-ਕੁੱਝ ਸਮਝਦੇ ਹੋਏ ਵੀ ਚੱਕੀ ਦੇ ਪੁੜਾਂ ਵਿੱਚ ਫ਼ਸਣ ਲਈ ਇੱਕ ਦੂਸਰੇ ਨੂੰ ਮਿੱਧਦੇ ਫ਼ਿਰਦੇ ਹਾਂ।

ਫ਼ਿਕਰਾਂ ਦੀ ਪੰਡ
ਸਿਰ 'ਤੇ ਲੱਦੀ
ਦੇ ਰਹੇ
ਧਰਤੀ ਨੂੰ ਗੇੜਾ
ਸੂਰਜਾਂ ਦਾ
ਦੇਸ ਹੈ ਕਿਹੜਾ ?

ਸਿੰਜ ਰਹੇ ਨੇ
ਕਤਰਾ ਕਤਰਾ
ਨਾਲ਼ ਲਹੂ
ਇਤਿਹਾਸ ਦਾ ਵਿਹੜਾ
ਮਰਜੀਵੜਿਆਂ ਦਾ
ਦੇਸ ਹੈ ਕਿਹੜਾ ?

ਨਾਲ਼ ਅੱਗ ਦੇ
ਖੇਡ੍ਹ ਰਹੇ
ਰੁਸ਼ਨਾ ਰਹੇ ਨੇ
ਚਾਰ ਚੁਫ਼ੇਰਾ
ਜੁਗਨੂੰਆਂ ਦਾ
ਦੇਸ ਹੈ ਕਿਹੜਾ ?

ਸਿਰਜਣਹਾਰੇ
ਗਏ ਦੁਰਕਾਰੇ
ਆਸਰੇ ਜੀਹਦੇ
ਰੌਸ਼ਨ ਖੇੜਾ
ਬੇਕਸਾਂ ਦਾ
ਦੇਸ ਹੈ ਕਿਹੜਾ ?

ਕਿਸਨੇ ਕੀਲੇ
ਇਹਨਾਂ ਦੇ ਚੁੱਲ੍ਹੇ
ਕੌਣ ਕਰ ਗਿਆ
ਦਿਨੇ ਹਨ੍ਹੇਰਾ
ਜ਼ਰ ਜਰਿਆਂ ਦਾ
ਦੇਸ ਹੈ ਕਿਹੜਾ ?

ਇੱਟਾਂ ਪੱਥਣ
ਲੋਹਾ ਢਾਲਣ
ਖ਼ੁਦ ਹੀ ਗਾਰਾ
ਖ਼ੁਦ ਹੀ ਬਾਲਣ
ਕਿਸੇ ਦੇ ਸਾਂਚੇ
ਢਲ਼ਦਾ ਕਿਹੜਾ
ਮਜ਼ਦੂਰਾਂ ਦਾ
ਦੇਸ ਹੈ ਕਿਹੜਾ ?
-ਗੱਗਬਾਣੀ



ਜਨਰਲ ਨਾਲਿਜ
100/-
ਜਨਰਲ ਨਾਲਿਜ
100/-
ਜਨਰਲ ਨਾਲਿਜ
100/-
ਜਨਰਲ ਨਾਲਿਜ
80/-
ਵਿਗਿਆਨਕ ਜਾਦੂਗਰ
60/-
ਤਰਕਸ਼ੀਲ ਜਾਦੂਗਰ
60/-
ਸਟੇਜ ਦੇ ਜਾਦੂ
60/-
40/-
ਹਿਪਨੋਟਿਜ਼ਮ
30/-
ਹਿਪਨੋਟਿਜ਼ਮ
40/-
150/-
50/-
60/-
ਅੰਕਾਂ ਦਾ ਜਾਦੂ
60/-
ਸਾਇੰਸ ਸਿਟੀ
80/-
ਪਿਤਾ ਦੇ ਖ਼ਤ ਪੁੱਤਰੀ ਦੇ ਨਾਂ
100/-
40/-
40/-
ਸਮੇਂ ਦਾ ਇਤਿਹਾਸ
60/-
200/-
120/-
120/-
80/-
ਸਾਡਾ ਦੋਸਤ ਵਿਗਿਆਨ
80/-
ਮਨੁੱਖੀ ਸਰੀਰ ਦੇ ਰਹੱਸ
100/-
80/-
80/-
ਕੰਪਿਊਟਰ
80/-
80/-
ਆਓ ਕੰਪਿਊਟਰ ਸਿੱਖੀਏ
80/-
120/-
80/-
ਫਸਟ-ਏਡ ਗਾਈਡ
120/-
ਸ਼ੂਗਰ ਰੋਗ
100/-
100/-
100/-
30/-
150/-
80/-
140/-
140/-
120/-
120/-

# ਗਊ ਦਾ ਪਿਸ਼ਾਬ ਤੇ ਵਿਗਿਆਨਕ ਸੋਚ



ਮੇਘ ਰਾਜ ਮਿੱਤਰ

ਰਾਮ ਲਾਲ ਮੇਰਾ ਦੋਸਤ ਸੀ। ਅਸੀਂ ਇੱਕੋ ਸਕੂਲ ਵਿਚ ਪੜਾਉਂਦੇ ਰਹੇ ਹਾਂ। ਸਵੇਰੇ ਹੀ ਸਕੂਲ ਆਉਣ ਸਾਰ ਉਸਦਾ ਪਹਿਲਾ ਕੰਮ ਹੁੰਦਾ ਸੀ ਸਕੂਲ ਦੇ ਬਗੀਚੇ ਵਿਚੋਂ ਫੁੱਲ ਤੋੜਨਾ ਤੇ ਸੂਰਜ ਦੇਵਤਾ ਨੂੰ ਭੇਂਟ ਕਰ ਦੇਣਾ। ਸਾਨੂੰ ਇਸ ਗੱਲ ਨਾਲ ਦੁੱਖ ਪਹੁੰਚਦਾ ਸੀ। ਬਗੀਚੇ ਵਿਚ ਮਿਹਨਤ ਨਾਲ ਲਗਾਏ, ਖਿੜੇ ਫੁੱਲ ਹਜ਼ਾਰਾਂ ਵਿਦਿਆਰਥੀਆਂ ਨੂੰ ਖੁਸ਼ੀ ਦਿੰਦੇ ਸਨ। ਅਸੀਂ ਗੱਲਾਂ ਗੱਲਾਂ ਵਿਚ ਉਸ ਤੱਕ ਆਪਣਾ ਰੋਸ ਵੀ ਪੁਚਾ ਦਿੰਦੇ ਸਾਂ। ਪਰ ਉਸਨੇ ਕਦੇ ਗੁੱਸਾ ਨਹੀਂ ਸੀ ਕੀਤਾ।

ਉਹ ਸਕੂਲ ਆਉਣ ਤੋਂ ਪਹਿਲਾਂ ਰੋਜ਼ਾਨਾ ਗਊਸ਼ਾਲਾ ਵਿਚ ਪਹੁੰਚਦਾ ਅਤੇ ਗਊ ਦੇ ਇੱਕ ਕਿਲੋ ਚੋਂਦੇ ਦੁੱਧ ਦਾ ਨਾਸ਼ਤਾ ਕਰਦਾ। ਅਸੀਂ ਉਸਨੂੰ ਕਹਿਣਾ "ਰਾਮ ਲਾਲ ਤੂੰ ਪੰਜਾਹ ਸਾਲ ਦੀ ਉਮਰ ਵਿਚ ਐਨਾ ਦੁੱਧ ਕਿਵੇਂ ਹਜ਼ਮ ਕਰ ਲੈਂਦਾ ਹੈ?" ਤਾਂ ਉਸਨੇ ਕਹਿਣਾ ਮੈਂ ਹਰ ਰੋਜ਼ ਵੀਹ ਕਿਲੋਮੀਟਰ ਸਾਈਕਲ ਵੀ ਚਲਾਉਂਦਾ ਹਾਂ। ਖੈਰ ਸਾਨੂੰ ਉਸਦੀ ਇਹ ਗੱਲ ਤਾਂ ਜਚ ਜਾਂਦੀ ਕਿ ਕਸਰਤ ਉਸਦੇ ਦੁੱਧ ਨੂੰ ਹਜ਼ਮ ਤਾਂ ਕਰ ਦਿੰਦੀ ਹੋਊ ਪਰ ਉਸ ਵਲੋਂ ਬਗੈਰ ਉਬਾਲੇ ਤੋਂ ਹੀ ਦੁੱਧ ਪੀ ਜਾਣਾ ਕਦੇ ਵੀ ਸਾਡੀ ਸੰਤੁਸ਼ਟੀ ਨਾ ਕਰਵਾਉਂਦਾ।

ਸਮਾਂ ਬੀਤਦਾ ਗਿਆ। ਇੱਕ ਦਿਨ ਉਹ ਕਹਿਣ ਲੱਗਿਆ ਕਿ "ਬਾਦਾਮ ਬਹੁਤ ਗਰਮ ਹੁੰਦੇ ਹਨ।" ਮੈਂ ਖੁਰਾਕੀ ਵਸਤਾਂ ਵਿਚ ਵੱਧ ਘੱਟ ਕੈਲੋਰੀਆਂ ਦੀ ਹੋਂਦ ਵਿਚ ਤਾਂ ਯਕੀਨ ਰੱਖਦਾ ਸਾਂ। ਪਰ ਬਾਦਾਮਾਂ ਦੇ ਗਰਮ ਹੋਣ ਦੀ ਗੱਲ ਮੈਨੂੰ ਜਚੀ ਨਹੀਂ। ਮੈਂ ਉਸਨੂੰ ਕਿਹਾ ਕਿ ਮੈਂ ਕਿੰਨੇ ਬਾਦਾਮ ਤੈਨੂੰ ਖਾ ਕੇ ਵਿਖਾਵਾ। ਉਹ ਕਹਿਣ ਲੱਗਿਆ ਕਿ ਤੂੰ ਵੀਹ ਬਾਦਾਮ ਨਹੀਂ ਖਾ ਸਕਦਾ। ਖੈਰ ਸਾਡੀ ਸੌ ਰੁਪਏ ਦੀ ਸ਼ਰਤ ਲੱਗ ਗਈ। ਉਸਨੇ ਬਾਦਾਮ ਮੰਗਵਾ ਲਏ। ਇੱਕ ਇੱਕ ਕਰਕੇ ਉਹ ਮੇਰੇ ਹੱਥ ਤੇ ਰੱਖਦਾ ਰਿਹਾ ਤੇ ਮੈਂ ਬਾਦਾਮ ਖਾਂਦਾ ਗਿਆ। ਇਸ ਤਰਾਂ ਕਰਦੇ ਹੋਏ ਉਸੇ ਦਿਨ ਮੈਂ ਦੋ ਵਾਰ ਵੀਹ ਵੀਹ ਬਾਦਾਮ ਖਾ ਕੇ ਦੋ ਸੌ ਰੁਪਏ ਉਸ ਤੋਂ ਜਿੱਤ ਲਏ।

ਉਸਨੂੰ ਆਪਣੇ ਹਾਰੇ ਹੋਏ ਦੋ ਸੌ ਰੁਪਏ ਚੁਭਦੇ ਰਹੇ ਤੇ ਅਗਲੇ ਦਿਨ ਉਹ ਕਹਿਣ ਲੱਗਿਆ ਕਿ "ਗਊ ਦਾ ਪੇਸ਼ਾਬ ਸਰੀਰ ਨੂੰ ਬਹੁਤ ਠੰਡ ਪਹੁੰਚਾਉਂਦਾ ਹੈ।" ਮੈਂ ਆਖਿਆ ਕਿਵੇਂ ਪੁਚਾਉਂਦਾ ਹੈ ਠੰਡ? ਉਹ ਕਹਿਣ ਲੱਗਿਆ ਕਿ "ਜੇ ਤੂੰ ਮੇਰੇ ਨਾਲ

ਸੌ ਰੁਪਏ ਦੀ ਸ਼ਰਤ ਲਾ ਲਵੇ ਤਾਂ ਮੈਂ ਤੈਨੂੰ ਗਊ ਦਾ ਪਿਸ਼ਾਬ ਪੀ ਕੇ ਵਿਖਾ ਸਕਦਾ ਹੈ।" ਦੋ ਸੌ ਰੁਪਏ ਮੈਂ ਉਸ ਤੋਂ ਤਾਜੇ ਤਾਜੇ ਹੀ ਜਿੱਤੇ ਸਨ। ਇਸ ਲਈ ਮੈਂ ਇਹ ਨਜ਼ਾਰਾ ਵੇਖਣ ਲਈ ਵੀ ਤਿਆਰ ਹੋ ਗਿਆ। ਪਿੰਡ ਸੰਘੇੜੇ ਦੀ ਗਊਸ਼ਾਲਾ ਵਿਚੋਂ ਗਊ ਮੂਤਰ ਦਾ ਇੱਕ ਜੱਗ ਲਿਆਂਦਾ ਗਿਆ। ਰਾਮ ਲਾਲ ਨੇ ਉਸੇ ਵੇਲੇ ਗਲਾਸ ਭਰ ਲਿਆ ਤੇ ਪੀ ਗਿਆ ਅਤੇ ਮੈਥੋ ਆਪਣੇ ਸੌ ਰੁਪਏ ਮੁੜਵਾ ਲਏ। ਇਸਦੇ ਨਾਲ ਹੀ ਇੱਕ ਹੋਰ ਐਮ. ਏ. ਬੀ. ਐਡ. ਅਤੇ ਗੁਰਸਿੱਖ ਅਧਿਆਪਕ ਕਹਿਣ ਲੱਗਿਆ "ਸਾਡੇ ਇੱਕ ਸੌ ਰੁਪਏ ਤੇਰੀ ਜੇਬ ਵਿਚ ਰਹਿ ਗਏ ਨੇ ਉਹ ਵੀ ਅਸੀਂ ਮੁੜਵਾਉਣੇ ਹਨ।" ਮੈਂ ਕਿਹਾ "ਕਿ ਇੱਕ ਗਲਾਸ ਤੂੰ ਪੀ ਲੈ।" ਉਸੇ ਸਮੇਂ ਉਸਨੇ ਗਊ ਦੇ ਪਿਸ਼ਾਬ ਦਾ ਗਿਲਾਸ ਡੀਕ ਲਾ ਕੇ ਪੀ ਲਿਆ।

ਇਸ ਗੱਲ ਨੂੰ ਬੀਤਿਆ ਦੋ ਦਹਾਕੇ ਹੋ ਗਏ। ਕੁਝ ਦਿਨ ਪਹਿਲਾਂ ਹੀ ਮੈਨੂੰ ਮਾਨਸਾ ਤੋਂ ਫੋਨ ਆਇਆ ਡਾਕਟਰ ਸੁਰਿੰਦਰ ਕਹਿਣ ਲੱਗਿਆ ਮਾਨਸਾ ਵਿਚ ਇੱਕ



ਜਥੇਬੰਦੀ ਨੇ ਸ਼ਬੀਲ ਲਾਈ ਹੋਈ ਹੈ ਤੇ ਉਹ ਲੋਕਾਂ ਨੂੰ ਗਊ ਦਾ ਪਿਸ਼ਾਬ ਮੁਫ਼ਤ ਪਿਲਾ ਰਹੇ ਹਨ। ਉਹ ਕਹਿੰਦੇ ਹਨ ਕਿ "ਗਊ ਦਾ ਪਿਸ਼ਾਬ ਜੇ ਰੋਜ਼ਾਨਾ ਪੀਤਾ ਜਾਵੇ ਤਾਂ ਕੈਂਸਰ, ਸੂਗਰ, ਗੁਰਦੇ ਫੇਲ ਹੋ ਜਾਣਾ, ਟੀ. ਬੀ. ਅਤੇ ਦਿਲ ਦੀਆਂ ਬਿਮਾਰੀਆਂ ਵਰਗੇ ਭਿਆਨਕ ਰੋਗ ਕਦੇ ਹੋ ਹੀ ਨਹੀਂ ਸਕਦੇ। ਜੇ ਕਿਸੇ ਨੂੰ ਪਹਿਲਾਂ ਹੋਏ ਹਨ ਉਹ ਸਦਾ ਲਈ ਇਨਾਂ ਬਿਮਾਰੀਆਂ ਤੋਂ ਛੁਟਕਾਰਾ ਪਾ ਸਕਦੇ ਹਨ।" ਇਸ ਗੱਲ ਨੇ 7-8 ਸਾਲ ਪਹਿਲਾ ਅੰਧਰੰਗ ਕਾਰਨ ਵਿਛੜੇ ਮੇਰੇ ਦੋਸਤ ਰਾਮ ਲਾਲ ਦਾ ਮੁਹਾਂਦਰਾ ਮੇਰੇ ਸਾਹਮਣੇ ਲਿਆ ਖੜਾਇਆ।

ਰਾਮ ਲਾਲ ਦੇ ਗਊ ਦਾ ਪਿਸ਼ਾਬ ਪੀ ਜਾਣ ਤੋਂ ਸਾਡੇ ਵਿਚ ਇਸ ਵਿਸ਼ੇ ਬਾਰੇ ਵਿਚਾਰ ਵਟਾਂਦਰਾ ਕਈ ਮਹੀਨੇ ਲਗਾਤਾਰ ਜਾਰੀ ਰਿਹਾ ਸੀ। ਮੈਨੂੰ ਪਤਾ ਸੀ ਹਰ ਕਿਸੇ ਜੀਵ ਦਾ ਪਿਸ਼ਾਬ ਇੱਕ ਕਿਸਮ ਦਾ ਉਸਦਾ ਖ਼ੂਨ ਹੀ ਹੁੰਦਾ ਹੈ। ਗੁਰਦੇ ਸੌ ਲਿਟਰ ਖ਼ੂਨ ਵਿਚੋਂ ਵਾਰ ਵਾਰ ਛਾਣ ਕੇ ਸਿਰਫ਼ ਇੱਕ ਲਿਟਰ ਪਿਸ਼ਾਬ ਅਲੱਗ ਕਰਦੇ ਹਨ। ਪਿਸ਼ਾਬ

ਵਿਚ ਉਨਾਂ ਸਭ ਪਦਾਰਥਾਂ ਦੀ ਕੁਝ ਨਾ ਕੁਝ ਮਾਤਰਾ ਰਹਿ ਜਾਂਦੀ ਹੈ ਜੋ ਖ਼ੂਨ ਵਿਚ ਹੁੰਦੀ ਹੈ। ਮੇਰੇ ਦੇਸ਼ ਦੇ ਵਸਨੀਕ ਪਿਸ਼ਾਬ ਨੂੰ ਤਾਂ ਪਵਿੱਤਰ ਕਹਿੰਦੇ ਹਨ ਪਰ ਗਊ ਮਾਸ ਖਾਣਾ ਉਹ ਗੁਨਾਹ ਸਮਝਦੇ ਹਨ ਪਰ ਕਿਉਂ ? ਸਾਡੇ ਦੇਸ਼ ਵਿਚ ਗਊ ਦੇ ਪਿਸ਼ਾਬ ਦੀ ਮਹੱਤਤਾ ਇਸ ਕਰਕੇ ਹੈ ਕਿਉਂਕਿ ਸਾਡੇ ਦੇਸ਼ ਦੇ ਲੋਕ ਗਊ ਨੂੰ ਮਾਤਾ ਕਹਿ ਕੇ ਪੂਜਦੇ ਰਹੇ ਹਨ। ਭਾਵੇ ਅੱਜ ਦੇ ਮਸ਼ੀਨਰੀ ਯੁੱਗ ਨੇ ਗਊ ਦੀ ਮਹੱਤਤਾ ਨੂੰ ਘੱਟ ਕਰ ਦਿੱਤਾ ਹੈ।

ਅੱਜ ਸਾਡੇ ਦੇਸ਼ ਵਿਚ ਗਊ ਦੇ ਪਿਸ਼ਾਬ ਦੀ ਵਰਤੋਂ ਹਜ਼ਾਰਾਂ ਪਦਾਰਥਾਂ ਵਿਚ ਕੀਤੀ ਜਾ ਰਹੀ ਹੈ। ਸੁਰਖੀ, ਬਿੰਦੀ, ਵਾਲਾਂ ਦਾ ਤੇਲ, ਸੰਦਲ ਦੀ ਲੱਕੜ, ਆਯੁਰਵੈਦ ਦੀਆਂ ਦਵਾਈਆਂ, ਕੋਕੇ ਕੋਲੇ ਤੇ ਪੈਪਸੀ ਦੀ ਥਾਂ ਪਿਸ਼ਾਬ ਦਾ ਡਰਿੰਕ। ਇੱਕ ਦਿਨ ਮੇਰੇ ਬੇਟੇ ਨੂੰ ਨੀਂਦ ਨਹੀਂ ਸੀ ਆ ਰਹੀ ਉਸਨੇ ਸੌਣ ਦਾ ਬੜਾ ਯਤਨ ਕੀਤਾ ਪਰ ਪਤਾ ਨਹੀਂ ਕਿਉਂ ਉਹ ਫਿਰ ਉਠ ਬੈਠਦਾ। ਉਸਨੇ ਕਮਰੇ ਵਿਚ ਕਿਸੇ ਮਰੀ ਹੋਈ ਚੂਹੀ ਜਾਂ ਛਿਪਕਲੀ ਨੂੰ ਲੱਭਣ ਦਾ ਯਤਨ ਵੀ ਕੀਤਾ ਪਰ ਉਸਦੇ ਸਮਝ ਕੁਝ ਨਹੀਂ ਸੀ ਆ ਰਿਹਾ। ਸਵੇਰੇ ਘਰ ਵਿਚ ਆਇਆ ਮੇਰਾ ਪੋਤਾ ਸਿਰਹਾਣੇ ਲਾਗੇ ਟੇਬਲ ਤੇ ਪਈ ਸ਼ੀਸ਼ੀ ਨੂੰ ਪੜ ਕੇ ਕਹਿਣ ਲੱਗਆ "ਰਾਤੀ ਸਾਰਿਕਾ ਚਾਚੀ ਨੇ ਆਪਣੇ ਵਾਲਾਂ ਨੂੰ ਜੋ ਬਾਬਾ ਰਾਮਦੇਵ ਦਾ ਤੇਲ ਲਾਇਆ ਸੀ ਉਸ ਵਿਚ ਗਊ ਦਾ ਪਿਸ਼ਾਬ ਹੈ।" ਫਿਰ ਵਿਸ਼ਵ ਨੂੰ ਸਮਝ ਆਇਆ ਕਿ ਅਸਲ ਵਿਚ ਮਾਜਰਾ ਕੀ ਸੀ। ਕਹਿੰਦੇ ਨੇ ਉਤਰਾਖੰਡ ਦੀ ਸਰਕਾਰ ਨੇ ਤਾਂ ਮੱਝਾਂ ਤੇ ਗਊਆਂ ਦੇ ਦੁੱਧ ਦੀ ਤਰਾਂ ਹੀ ਗਊ ਦਾ ਪਿਸ਼ਾਬ ਘਰਾਂ ਵਿਚੋਂ ਖਰੀਦਣ ਵਾਲੀਆਂ ਡੇਰੀਆਂ ਦੇ ਪ੍ਰਬੰਧ ਵੀ ਕਰਨੇ ਸ਼ੁਰੂ ਕਰ ਦਿੱਤੇ ਹਨ।

ਕਿਸੇ ਵੇਲੇ ਮੈਂ ਸੁਣਿਆ ਸੀ ਕਿ ਅਰਬ ਦੇ ਵਸਨੀਕ ਉੱਠਾਂ ਦੇ ਪਿਸ਼ਾਬ ਨੂੰ ਦਵਾਈਆਂ ਵਿਚ ਵਰਤਦੇ ਹਨ ਤੇ ਸੁਡਾਨ ਦੇ ਲੋਕ ਬੱਕਰੀਆਂ ਦੇ ਪਿਸ਼ਾਬ ਨੂੰ ਮਹੱਤਵਪੂਰਨ ਮੰਨਦੇ ਹਨ। ਨਾਈਜ਼ੀਰੀਆ ਵਿਚ ਯੂਰਬਾ ਭਾਸ਼ਾਈ ਲੋਕ ਬੱਚਿਆਂ ਨੂੰ ਪੈਂਦੇ ਮਿਰਗੀ ਦੇ ਦੌਰੇ ਰੋਕਣ ਲਈ ਉਨਾਂ ਦੇ ਮੂੰਹ ਵਿਚ ਗਊ ਦਾ ਪਿਸ਼ਾਬ ਪਾ ਦਿੰਦੇ ਹਨ। ਪਰ ਇਕ ਗੱਲ ਜੋ ਮੇਰੀ ਸਮਝ ਤੋਂ ਬਾਹਰ ਹੈ ਉਹ ਇਹ ਹੈ ਕਿ ਜੇ ਅਰਬ ਦੇ ਵਸ਼ਨੀਕਾਂ ਨੂੰ ਗਊ ਦਾ ਪਿਸ਼ਾਬ ਪੀਣ ਲਈ ਕਿਹਾ ਜਾਵੇ ਤਾਂ ਉਹ ਪੂਰੀ ਤਰਾਂ ਨਾਂਹ ਕਰ ਜਾਣਗੇ ਪਰ ਜੇ ਭਾਰਤੀ ਲੋਕਾਂ ਨੂੰ ਉੱਠ ਜਾਂ ਬੱਕਰੀ ਦਾ ਪੇਸ਼ਾਬ ਪੀਣ ਦੀ ਸਲਾਹ ਦਿੱਤੀ ਜਾਵੇ ਤਾਂ ਉਹ ਕਹਿਣਗੇ "ਜੇ ਮੂੰਹ ਚੱਜ ਦਾ ਨਹੀਂ ਤਾਂ ਗੱਲ ਤਾਂ ਚੱਜ ਦੀ ਕਰ ਲਿਆ ਕਰ।" ਅੱਜ ਵਿਗਿਆਨ ਦੀਆਂ ਖੋਜਾਂ ਨੇ ਸਮੁੱਚੀ ਦੁਨੀਆਂ ਨੂੰ ਤਾਂ ਇਕ ਪਿੰਡ ਦੇ ਰੂਪ ਵਿਚ ਬਦਲ ਦਿੱਤਾ ਹੈ ਪਰ ਸਾਡੇ ਅਲੱਗ ਅਲੱਗ ਖਿੱਤਿਆਂ ਦੇ ਅੰਧ ਵਿਸ਼ਵਾਸ ਉਸੇ ਤਰਾਂ ਹੀ ਮੌਜੂਦ ਨੇ। ਸਾਨੂੰ ਦੂਸਰਿਆਂ ਦੇ ਅੰਧਵਿਸ਼ਵਾਸਾਂ ਉਪਰ ਤਾਂ ਹਾਸਾ ਆਉਂਦਾ ਹੈ ਪਰ ਆਪਣੇ ਅੰਧਵਿਸ਼ਵਾਸਾਂ ਵੇਲੇ ਅਸੀਂ ਚੁੱਪ ਵੱਟ ਲੈਂਦੇ ਹਾਂ।

ਇਸ ਵਿਚ ਪੂਰੀ ਸਚਾਈ ਹੈ ਕਿ ਗਊ ਜਾਂ ਹੋਰ ਜੀਵਾਂ ਦੇ ਪਿਸ਼ਾਬ ਵਿਚ ਦੋ ਦਰਜਨ ਤੋਂ ਵੱਧ ਤੱਤ ਤੇ ਯੋਗਿਕ ਪਾਏ ਜਾਂਦੇ ਹਨ। ਇਨਾਂ ਵਿਚ ਨਾਈਟ੍ਰੋਜਨ, ਸਲਫਰ, ਅਮੋਨੀਆ, ਕਾਪਰ, ਆਇਰਨ, ਯੂਰੀਆ, ਯੂਰਿਕ ਐਸਿਡ, ਫਾਸਫੇਟ, ਸੋਡੀਅਮ, ਪੋਟਾਸ਼ੀਅਮ ਆਦਿ ਪ੍ਰਮੁੱਖ ਹਨ। ਕੀ ਇਹ ਸਾਰੇ ਹੀ ਮਨੁੱਖੀ ਸਿਹਤ ਲਈ ਫਾਇਦੇਮੰਦ ਹਨ ? ਨਹੀਂ ਇਹ ਅਸੰਭਵ ਹੈ ਜੇ ਇਨਾਂ ਵਿਚੋਂ ਕੁਝ ਸਾਡੀ ਸਿਹਤ ਲਈ ਲਾਭਦਾਇਕ ਵੀ ਹੋਣਗੇ ਤਾਂ ਕੁਝ ਜ਼ਰੂਰ ਹੀ ਨੁਕਸਾਨਦਾਇਕ ਵੀ ਹੋਣਗੇ। ਸੋ ਲੋੜ ਹੈ ਇਹ ਜਾਨਣ ਦੀ ਕਿ ਕਿਹੜੇ ਲਾਭਦਾਇਕ ਹਨ ਤੇ ਕਿਹੜੇ ਨੁਕਸਾਨ ਕਰਦੇ ਹਨ।

ਕਈ ਵਾਰ ਵੱਡੀ ਉਮਰ 'ਚ ਗਊਆਂ ਦੇ ਗੁਰਦੇ ਵੀ ਫੇਲ ਹੋ ਜਾਂਦੇ ਹਨ



ਤੇ ਉਹ ਖ਼ੂਨ ਦਾ ਵਧੀਆ ਢੰਗ ਨਾਲ ਫਿਲਟਰ ਨਹੀਂ ਕਰ ਸਕਦੀਆਂ। ਅਜਿਹੀਆਂ ਹਾਲਤਾਂ ਵਿਚ ਕਈ ਬਿਮਾਰੀਆਂ ਦੇ ਜਰਮ ਦੀ ਮਨੁੱਖੀ ਸਰੀਰ ਵਿਚ ਦਾਖਲ ਹੋਣ ਦਾ ਅੰਦੇਸ਼ਾ ਬਣਿਆ ਰਹਿੰਦਾ ਹੈ। ਅਸਲੀਅਤ ਇਹ ਹੈ ਕਿ ਭਾਰਤ ਵਿਚ ਗਊ ਮਾਸ ਦੀ ਵਰਤੋਂ ਰੋਕਣ ਲਈ ਗਊ ਮੂਤਰ ਦੇ ਫਾਇਦਿਆਂ ਦਾ ਪ੍ਰਚਾਰ ਇਕ ਗਿਣੀ ਮਿਥੀ ਯੋਜਨਾ ਰਾਹੀ ਕੀਤਾ ਜਾ ਰਿਹਾ ਹੈ। ਇਥੋਂ ਤਾਂ ਗਊਆਂ ਦੇ ਟਰੱਕਾਂ ਨੂੰ ਲੈ ਜਾਣੋ ਰੋਕਣ ਲਈ ਮਨੁੱਖੀ ਸਰੀਰਾਂ ਨੂੰ ਅੱਗ ਦੀ ਭੇਂਟ ਕਰਕੇ ਇਹ ਸਿੱਧ ਕੀਤਾ ਜਾਂਦਾ ਹੈ ਕਿ ਜਾਨਵਰਾਂ ਦੀ ਕੀਮਤ ਮਨੁੱਖਾਂ ਨਾਲੋਂ ਕਿਤੇ ਜ਼ਿਆਦਾ ਹੈ। ਅਜਿਹੀਆਂ ਕਈ ਘਟਨਾਵਾਂ ਉੱਤਰ ਭਾਰਤ ਦੇ ਕਈ ਖਿੱਤਿਆਂ ਵਿਚ ਹੋਈਆਂ ਹਨ। ਪਰ ਕਦੇ ਵੀ ਸਰਕਾਰਾਂ ਨੇ ਜਾਂ ਅਦਾਲਤਾਂ ਨੇ ਇਨਾਂ ਘਟਨਾਵਾਂ ਤੇ ਕਦੇ ਵੀ ਕੋਈ ਗੰਭੀਰ ਕਾਰਵਾਈ ਨਹੀਂ ਕੀਤੀ।

ਬਾਬਾ ਰਾਮਦੇਵ ਜੀ ਵੀ ਆਪਣੀਆਂ ਦਵਾਈਆਂ ਵਿਚ ਗਊ ਮੂਤਰ ਦੀ ਵਰਤੋਂ ਵੱਡੇ ਪੱਧਰ ਤੇ ਕਰ ਰਿਹਾ ਹੈ। ਅੱਧਾ ਲਿਟਰ ਗਊ ਦਾ ਪਿਸ਼ਾਬ ਸੱਤਰ ਰੁਪਏ ਵਿਚ ਵੇਚਿਆ ਜਾ ਰਿਹਾ ਹੈ। ਹਜ਼ਾਰਾਂ ਵਪਾਰੀਆਂ ਨੇ ਗਊ ਮੂਤਰ ਦਾ ਵਿਉਪਾਰ ਕਰਨ ਲਈ ਹਜ਼ਾਰਾਂ ਹੀ ਦੁਕਾਨਾਂ ਖੋਲ ਲਈਆਂ ਹਨ।

ਚਰਕ, ਧੰਨਵੰਤਰੀ ਵਰਗੇ ਸਾਡੇ ਪੁਰਾਣੇ ਵੇਦ ਆਪਣੇ ਸਮੇਂ ਦੇ ਤਜਰਬੇਕਾਰ ਤੇ ਬੁੱਧੀਮਾਨ ਵਿਅਕਤੀ ਸਨ ਉਨਾਂ ਨੇ ਬਹੁਤ ਸਾਰੇ ਲਾਭਦਾਇਕ ਨੁਕਸ਼ੇ ਆਪਣੀਆਂ ਪੁਸਤਕਾਂ ਵਿਚ ਦਰਸਾਏ ਹਨ। ਪਰ ਸੋਚਣ ਵਾਲੀ ਗੱਲ ਹੈ ਕਿ ਉਹ ਕਿਹੜੇ ਸਮੇਂ ਵਿਚ ਹੋਏ ਹਨ ਉਸ ਸਮੇਂ ਵਿਗਿਆਨ ਦੀਆਂ ਖੋਜਾਂ ਦੀ ਕੀ ਹਾਲਤ ਸੀ। ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ 100-200 ਸਾਲ ਪਹਿਲਾਂ ਸਾਡੇ ਪੁਰਖਿਆਂ ਕੋਲ ਤਾਂ ਜੂੰਆਂ ਮਾਰਨ ਲਈ ਵੀ ਕੋਈ ਦਵਾਈ ਨਹੀਂ ਸੀ। ਫਿਰ ਉਹ ਸਰੀਰ ਦੇ ਅੰਦਰੂਨੀ ਜਰਮਾਂ ਨੂੰ ਕਿਵੇਂ ਮਾਰ ਸਕਦੇ ਸਨ ?

1935 ਵਿਚ ਸਾਡੇ ਦੇਸ਼ ਵਿਚ ਔਸਤ ਉਮਰ ਹੀ 35 ਸਾਲ ਸੀ। ਚਰਕ ਹੁਰਾਂ ਦੇ ਜਮਾਨੇ ਵਿਚ ਔਸਤ ਆਯੂ ਸਿਰਫ਼ 20 ਸਾਲ ਸੀ। ਅੱਜ ਦੇ ਵਿਗਿਆਨ ਨੇ ਸਾਡੇ ਦੇਸ਼ ਵਿਚ ਹੀ ਔਸਤ ਉਮਰ 65 ਸਾਲਾਂ ਨੂੰ ਪੁਚਾ ਦਿੱਤੀ ਹੈ। ਜਾਪਾਨੀ ਇਸਤਰੀਆਂ ਦੀ ਔਸਤ ਆਯੂ 88 ਵਰੇ ਹੋ ਚੁੱਕੀ ਹੈ। ਚਰਕ ਵਰਗੇ ਵਿਦਵਾਨ ਦੋ

ਹਜ਼ਾਰ ਸਾਲ ਪਹਿਲਾਂ ਹੋਏ ਹਨ। ਉਸ ਸਮੇਂ ਉਨਾਂ ਕੋਲ ਜਰਮਾਂ ਦਾ ਪਤਾ ਕਰਨ ਲਈ ਨਾ ਤਾਂ ਖੁਰਦਬੀਨਾਂ ਸਨ ਤੇ ਨਾ ਹੀ ਬਿਮਾਰੀਆਂ ਦਾ ਪਤਾ ਲਾਉਣ ਲਈ ਐਕਸ ਰੇ, ਤੇ ਅਲਟਰਾ ਸਾਊਂਡ ਸਨ। ਰਸਾਇਣਕ ਪ੍ਰਯੋਗਸ਼ਾਲਾਵਾਂ ਦਾ ਨਾਂ ਨਿਸ਼ਾਨ ਤੱਕ ਨਹੀਂ ਸੀ। ਸੋ ਅਜਿਹੇ ਸਮਿਆਂ ਵਿਚ ਜਰਮਾਂ ਨਾਲ ਹੋਣ ਵਾਲੀਆਂ ਬਿਮਾਰੀਆਂ ਦਾ ਕੋਈ ਪਤਾ ਨਹੀਂ ਸੀ।

ਅੱਜ ਤੋਂ ਸੱਠ ਸਾਲ ਪਹਿਲਾਂ ਸਾਡੇ ਦੇਸ਼ ਵਿਚ ਹੀ ਟੀ. ਬੀ. ਦਾ ਇਲਾਜ ਵੀ ਨਹੀਂ ਸੀ। ਪਰ ਦੇਸ਼ੀ ਗਊ ਮੂਤਰ ਤਾਂ ਉਦੋਂ ਵੀ ਵੱਧ ਮਾਤਰਾ ਵਿਚ ਸੀ ਕਿਉਂਕਿ ਉਸ ਸਮੇਂ ਅਮਰੀਕਨ ਨਸਲਾਂ ਤਾਂ ਸਾਡੇ ਦੇਸ਼ ਵਿਚ ਆਈਆਂ ਹੀ ਨਹੀਂ ਸਨ। ਜੇ ਉਸ ਸਮੇਂ ਟੀ. ਬੀ. ਦਾ ਇਲਾਜ ਹੁੰਦਾ ਤਾਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੀ ਪਤਨੀ ਕਮਲਾ ਨਹਿਰੂ ਅਤੇ ਪਾਕਿਸਤਾਨੀ ਆਗੂ ਜਿਨਾਹ ਵੀ ਟੀ. ਬੀ. ਨਾਲ ਨਾ ਮਰਦੇ। ਭਾਵੇ ਅਮਰੀਕਨ ਨਸਲ ਦੀਆਂ ਗਊਆਂ ਖਾਂਦੀਆਂ ਤਾਂ ਭਾਰਤੀ ਚਾਰਾ ਹੀ ਹਨ ਪਰ ਪਿਸ਼ਾਬ ਪੀਣ ਦੇ ਮਸਲੇ ਵਿੱਚ ਉਨਾਂ ਨਾਲ ਭੇਦਭਾਵ ਕਿਉਂ ਕੀਤਾ ਜਾਂਦਾ ਹੈ? ਅੱਜ ਸਾਡੇ ਗਊ ਭਗਤਾਂ ਨੇ ਸਾਡੇ ਸ਼ਹਿਰਾਂ ਦੀਆਂ ਹਾਲਤਾਂ ਅਖੌਤੀ ਨਰਕਾਂ ਨਾਲੋਂ ਭੈੜੀਆਂ ਕਰ ਰੱਖੀਆਂ ਹਨ। ਜਿਸ ਪਾਸੇ ਵੀ ਜਾਓ 'ਗਊ ਜਾਏ' ਰਸਤਾ ਰੋਕੀ ਖੜੇ ਨਜ਼ਰ ਆਉਣਗੇ। ਪਿਛਲੇ ਮਹੀਨੇ ਹੀ ਮੇਰਾ 78 ਸਾਲਾਂ ਚਾਚਾ ਇਨਾਂ ਦੀ ਭੇਂਟ ਚੜਦਾ ਚੜਦਾ ਮਸਾ ਹੀ ਬਚਿਆ ਹੈ। ਕਿਹੜਾ ਸ਼ਹਿਰ ਹੈ ਜਿਥੇ ਹਰ ਸਾਲ 40-50 ਬੰਦੇ ਇਨਾਂ ਦਾ ਸ਼ਿਕਾਰ ਹੋ ਕੇ ਲੱਤਾਂ ਬਾਹਾਂ ਤੁੜਵਾਉਂਦੇ ਨਹੀਂ? ਸਭ ਤੋਂ ਵੱਧ ਦੇਵੀ ਦੇਵਤਿਆਂ ਤੇ ਧਾਰਮਿਕ ਸਥਾਨਾਂ ਵਾਲੇ ਦੇਸ਼ਾਂ ਵਿਚ ਹੀ ਅਜਿਹੀਆਂ ਬਿਮਾਰੀਆਂ ਤੇ ਦੁਰਘਟਨਾਵਾਂ ਵੀ ਸਭ ਤੋਂ ਵਧੇਰੇ ਹੁੰਦੀਆਂ ਹਨ।

ਬਹੁਤੇ ਸਾਰੇ ਵਿਦੇਸ਼ੀ ਸੈਲਾਨੀਆਂ ਨੂੰ ਸ਼ਹਿਰਾਂ ਵਿਚ ਘੁੰਮਦੀਆਂ ਇਨਾਂ ਗਊਆਂ ਦੀਆਂ ਫੋਟੋਆਂ ਖਿੱਚਦੇ ਮੈਂ ਅੱਖੀ ਤੱਕਿਆ ਹੈ। ਕਈ ਵਾਰੀ ਮੈਂ ਉਨਾਂ ਨੂੰ ਇਸਦਾ ਕਾਰਨ ਵੀ ਪੁੱਛਿਆ ਉਨਾਂ ਦਾ ਜੁਆਬ ਹੁੰਦਾ ਹੈ ਕਿ "ਇਹ ਅਜੀਬ ਵਰਤਾਰਾਂ ਹੈ ਸਾਡੇ ਦੇਸ਼ਾਂ ਵਿਚ ਤਾਂ ਪਸ਼ੂ ਸੜਕ ਤੇ ਆ ਹੀ ਨਹੀਂ ਸਕਦੇ।"

ਅੱਜ ਵਿਗਿਆਨ ਦਾ ਯੁੱਗ ਹੈ। ਆਪਣੇ ਆਪ ਨੂੰ ਸਿਹਤਮੰਦ ਰੱਖਣ ਲਈ ਸਾਨੂੰ ਵਿਗਿਆਨਕ ਸੋਚ ਹੀ ਅਪਣਾਉਣੀ ਚਾਹੀਦੀ ਹੈ। ਵਿਗਿਆਨਕ ਸੋਚ ਕਹਿੰਦੀ ਹੈ ਕਿ ਕੋਈ ਵੀ ਚੀਜ਼ ਮੂੰਹ ਵਿਚ ਪਾਉਣ ਤੋਂ ਪਹਿਲਾਂ ਉਸ ਵਿਚ ਮੌਜੂਦ ਰਸਾਇਣਕ ਪਦਾਰਥਾਂ ਦਾ ਵਿਸ਼ਲੇਸ਼ਣ ਹੋਣਾ ਚਾਹੀਦਾ ਹੈ। ਸਿਰਫ਼ ਫ਼ਾਇਦੇਮੰਦ ਪਦਾਰਥ ਹੀ ਸਾਡੇ ਅੰਦਰ ਜਾਣੇ ਚਾਹੀਦੇ ਹਨ। ਹਾਨੀਕਾਰਕ ਰਸਾਇਣਕ ਪਦਾਰਥ ਨਹੀਂ ਜਾਣੇ ਚਾਹੀਦੇ।

ਗਊ ਦੇ ਪੇਸ਼ਾਬ ਦਾ ਵੀ ਦੁਨੀਆਂ ਦੀਆਂ ਵੱਖ ਵੱਖ ਪ੍ਰਯੋਗਸ਼ਲਾਵਾਂ ਵਿਚ ਰਸਾਇਣਕ ਪ੍ਰੀਖਣ ਹੋਣਾ ਚਾਹੀਦਾ ਹੈ। ਇਸ ਪ੍ਰੀਖਣ ਦੇ ਨਾਲ ਨਾਲ ਪ੍ਰੀਖਣ ਕਰਨ ਵਾਲਿਆਂ ਦੀ ਨੀਅਤ ਵੀ ਧਿਆਨ ਵਿਚ ਰੱਖਣੀ ਚਾਹੀਦੀ ਹੈ। ਕਿ ਕੌਣ ਕਿਸ ਚੀਜ਼ ਦਾ ਪ੍ਰਚਾਰ ਕਿਸ ਨੀਅਤ ਨਾਲ ਕਰ ਰਿਹਾ ਹੈ? ਥੋੜੀ ਜਿਹੀ ਘੋਖਵੀ ਨਜ਼ਰ ਗਊ ਦੇ ਪਿਸ਼ਾਬ ਸਬੰਧੀ ਸਾਡਾ ਨਜ਼ਰੀਆ ਦਰੁਸਤ ਕਰ ਸਕਦੀ ਹੈ।

ਗੋ ਮੂਤਰ, ਗੰਗਾਜਲ, ਅਯੁੱਧਿਆ ਜਾਂ ਗੋਧਰਾ ਕਿਸੇ ਪਾਰਟੀ ਲਈ ਸਿਆਸਤ ਦੀ ਟੀਸੀ ਤੇ ਪਹੁੰਚਣ ਲਈ ਪੌੜੀ ਦੇ ਟੰਬੇ ਵੀ ਤਾਂ ਹੋ ਸਕਦੇ ਨੇ।

✪✪✪

# ਕਾਵਿ ਕਿਆਰੀ

## ਗੁਲਾਮ ਰੱਖਣ ਲਈ

ਗੁਲਾਮਾਂ ਨੂੰ......
ਗੁਲਾਮ ਰੱਖਣ ਲਈ
ਬੇੜੀਆਂ ਦੀ ਜਰੂਰਤ ਨਹੀਂ ਹੁੰਦੀ !
ਉਨ੍ਹਾਂ ਦੀ ਨਾਬਰੀ ਨੂੰ
ਚਾਕਰੀ ਵਿੱਚ ਬਦਲ ਦੇਵੋ
ਉਨ੍ਹਾਂ ਦੀਆਂ ਸੰਜੋਆਂ ਉਤੇ ਤਮਗੇ ਜੜ ਦੇਵੋ
ਉਨ੍ਹਾਂ ਦੀ ਅਣਖ ਦੇ ਸ਼ਮਲਿਆਂ ਵਿੱਚ
ਰੇਸ਼ਮੀ ਕਲਗੀਆਂ ਧਰ ਦੇਵੋ !

ਗੁਲਾਮਾਂ ਨੂੰ.......
ਗੁਲਾਮ ਰੱਖਣ ਲਈ
ਤਲਵਾਰ ਦੀ ਨਹੀਂ, ਤਲਬ ਦੀ ਲੋੜ ਹੁੰਦੀ ਹੈ
ਉਨ੍ਹਾਂ ਦੀ ਬਹਾਦਰੀ ਨੂੰ ਜੌਹਰਾਂ ਵਿਚ ਵਟਾ ਦੇਵੋ
ਲੜਣ ਲਈ ਦੁਸ਼ਮਣ ਦੀ ਚੋਣ ਨਾਲ਼ੋਂ
ਉਨ੍ਹਾਂ ਵਾਸਤੇ......
ਕੇਵਲ ਲੜਣਾ ਜਰੂਰੀ ਬਣਾ ਦੇਵੋ !

ਗੁਲਾਮਾਂ ਨੂੰ......
ਗੁਲਾਮ ਰੱਖਣ ਲਈ
ਕਿਸੇ ਸਹਿਮ ਦੀ ਜਰੂਰਤ ਨਹੀਂ
ਬੱਸ ਗੁਲਾਮਾਂ ਨੂੰ ਆਪਣੀ ਗੁਲਾਮੀ ਉਤੇ
ਕੇਰਾਂ ਮਾਣ ਕਰਵਾ ਦੇਵੋ
ਗੁਲਾਮਾਂ ਦੀ ਉਹ ਪੀੜ੍ਹੀ ਤਾਂ ਕੀ ?
ਆਉਂਦੀਆਂ ਪੁਸ਼ਤਾਂ ਵੀ ਆਜ਼ਾਦੀ ਦੇ ਅਰਥਾਂ ਤੋਂ
ਵਾਕਿਫ਼ ਨਹੀਂ ਹੋਣਗੀਆਂ !

–ਸਰਬਜੀਤ ਸੋਹੀ, ਆਸਟਰੇਲੀਆ



...ਤੇ ਦੇਵ ਪੁਰਸ਼ ਹਾਰ ਗਏ
120/-
ਦੇਵ ਦੈਂਤ ਤੇ ਰੂਹਾਂ
120/-
ਜੋਤਿਸ਼
80/-
ਗੁਰੂ ਨਾਨਕ ਬਾਰੇ
100/-
ਪੈੜ ਜੋ ਕਾਫ਼ਲਾ ਬਣੀ
200/-
ਤਰਕਜੋਤੀ
80/-
ਤਰਕਬਾਣੀ
80/-
ਸ਼ੰਕਾ ਨਵਿਰਤੀ
80/-
ਰੌਸ਼ਨੀ
80/-
ਗੁਰਮੀਤ ਰਾਮ ਰਹੀਮ
100/-
ਪਾਸ਼ ਕਾਵਿ
150/-
150/-
120/-
80/-
ਉਦਾਸੀ ਕਾਵਿ
150/-
ਸ਼ਹੀਦਾਂ ਦੀ ਵਿਰਾਸਤ
80/-
100/-
250/-
ਸ਼ਹੀਦਾਂ ਦੇ ਅੰਗ ਸੰਗ
80/-
ਅਮਰ ਸ਼ਹੀਦਾਂ ਦੀਆਂ ਯਾਦਾਂ
80/-
200/-
ਜਾਤ ਪਾਤ
120/-
60/-
70/-
ਜਮਹੂਰੀਅਤ ਕਟਹਿਰੇ ਵਿਚ
220/-
ਆਪਣੇ ਹੀ ਲੋਕਾਂ ਖ਼ਿਲਾਫ਼ ਜੰਗ
220/-
120/-
100/-
ਗੁਜਰਾਤ ਫ਼ਾਈਲਾਂ
150/-
300/-
ਪੁਰਾਤਨ ਸਮਾਜ
120/-
ਲੈਨਿਨ ਜੀਵਨ ਕਹਾਣੀ
200/-
ਪਾਸ਼
220/-
ਕਸ਼ਮੀਰ
220/-

# ਸਪੀਕਰਾਂ ਦਾ ਰੌਲਾ ਰੱਪਾ ਕਿਉਂ ?



ਸਮੁੱਚੇ ਭਾਰਤ ਦੇ ਕਿਸੇ ਵੀ ਪਿੰਡ ਵਿੱਚ ਚਲੇ ਜਾਓ ਤਾਂ ਤੁਹਾਨੂੰ ਧਾਰਮਿਕ ਸਥਾਨਾਂ ’ਤੇ ਸਪੀਕਰਾਂ ਦਾ ਰੌਲਾ ਰੱਪਾ ਜ਼ਰੂਰ ਸੁਣਾਈ ਦੇਵੇਗਾ। ਕਿਤੇ ਮਸਜਿਦਾਂ ਵਿੱਚ ਨਮਾਜਾਂ ਪੜ੍ਹੀਆਂ ਜਾ ਰਹੀਆਂ ਹੋਣਗੀਆਂ, ਕਿਤੇ ਮੰਦਿਰਾਂ ਵਿੱਚ ਸਲੋਕ ਬੋਲੇ ਜਾਂਦੇ ਹੋਣਗੇ, ਕਿਤੇ ਜਗਰਾਤੇ ਹੋ ਰਹੇ ਹੋਣਗੇ ਤੇ ਕਿਤੇ ਗੁਰਬਾਣੀ ਦੇ ਸ਼ਬਦ ਪੜ੍ਹੇ ਜਾਂਦੇ ਹੋਣਗੇ। ਸਵਾਲ ਇਹ ਪੈਦਾ ਹੁੰਦਾ ਹੈ ਕਿ ਸਪੀਕਰਾਂ ਤੋਂ ਇਹ ਰੌਲਾ ਰੱਪਾ ਕਿਸ ਨੂੰ ਸੁਣਾਇਆ ਜਾ ਰਿਹਾ ਹੈ ਕੀ ਇਹ ਕਿਸੇ ਕੋਲ ਪੁੱਜ ਵੀ ਰਿਹਾ ਹੈ ਜਾਂ ਨਹੀਂ ? ਆਓ ਵੇਖੀਏ ਕਿ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਕਿਵੇਂ ਗਤੀ ਕਰਦੀਆਂ ਹਨ ?

ਅਸੀਂ ਜਾਣਦੇ ਹਾਂ ਕਿ ਜੇ ਅਸੀਂ ਪਾਣੀ ਵਿੱਚ ਇੱਕ ਰੋੜ੍ਹਾ ਸੁੱਟਦੇ ਹਾਂ ਤਾਂ ਸਾਨੂੰ ਪਾਣੀ ਵਿੱਚ ਗਤੀ ਕਰਦੀਆਂ ਕੁੱਝ ਗੋਲਾਈਆਂ ਦਿਖਾਈ ਦੇਣਗੀਆਂ ਜਿਹੜੀਆਂ ਫੈਲਦੀਆਂ ਜਾ ਰਹੀਆਂ ਹੋਣਗੀਆਂ। ਇਨ੍ਹਾਂ ਨੂੰ ਲਹਿਰਾਂ ਕਹਿੰਦੇ ਹਨ, ਇਹ ਲਹਿਰਾਂ ਇਕੱਲੇ ਪਾਣੀ ਵਿੱਚ ਹੀ ਨਹੀਂ ਚੱਲਦੀਆਂ, ਹਵਾਂ ਵਿੱਚ ਵੀ ਤੇ ਹੋਰ ਧਾਤਾਂ ਵਿੱਚ ਵੀ ਚੱਲਦੀਆਂ ਹਨ। ਆਵਾਜ਼ ਦੀਆਂ ਤਿਰੰਗਾਂ ਵੀ ਇਸੇ ਤਰ੍ਹਾਂ ਹੀ ਗਤੀ ਕਰਦੀਆਂ ਹਨ। ਮੂੰਹ ਰਾਹੀਂ ਬੋਲ ਕੇ ਪੈਦਾ ਕੀਤੀ ਗਈ ਆਵਾਜ਼ 100-200 ਵਿਅਕਤੀਆਂ ਨੂੰ 100-200 ਫੁੱਟ ਦੇ ਘੇਰੇ ਵਿੱਚ ਸੁਣਾਈ ਦੇ ਸਕਦੀ ਹੈ, ਪਰ ਸਪੀਕਰ ਤੇ ਬੋਲੇ ਗਏ ਸ਼ਬਦ ਦੋ-ਤਿੰਨ ਕਿੱਲੋਮੀਟਰ ਤੱਕ ਸੁਣਾਈ ਦੇ ਸਕਦੇ ਹਨ ਪਰ ਤਾਰ ਰਾਹੀਂ ਅਸੀਂ ਭਾਰਤ ਵਿੱਚ ਬੈਠ ਕੇ ਵਿਦੇਸ਼ਾਂ ਵਿੱਚ ਵੀ ਆਪਣੇ ਸੰਬੰਧੀਆਂ ਤੇ ਮਿੱਤਰਾਂ ਨਾਲ ਗੱਲਾਂ-ਬਾਤਾਂ ਕਰ ਸਕਦੇ ਹਾਂ। ਆਵਾਜ਼ ਇੰਨੀ ਸਾਫ਼ ਹੁੰਦੀ ਹੈ ਕਿ ਅਸੀਂ ਅਲਗ-ਅਲਗ ਵਿਅਕਤੀਆਂ ਦੀ ਆਵਾਜ਼ ਪਹਿਚਾਣ ਸਕਦੇ ਹਾਂ। ਹੁਣ ਜੇ ਆਵਾਜ਼ ਦੀ ਰਫ਼ਤਾਰ ਦੀ ਗੱਲ ਕਰੀਏ ਤਾਂ ਇਹ ਸਿਰਫ 343 ਮੀਟਰ ਪ੍ਰਤੀ ਸੈਕਿੰਡ ਹੈ ਜੋ ਕਿ ਘੰਟੇ ਦੀ 1235 ਕਿਲੋਮੀਟਰ ਬਣਦੀ ਹੈ। ਸਾਡੇ ਬਹੁਤ ਸਾਰੇ ਹਵਾਈ ਜਹਾਜ਼ ਆਵਾਜ਼ ਦੀ ਰਫ਼ਤਾਰ ਨਾਲੋਂ ਤੇਜ ਗਤੀ ਕਰਦੇ ਹਨ ਇਨ੍ਹਾਂ ਨੂੰ ਸੁਪਰਸੋਨਕ ਜਹਾਜ ਕਹਿੰਦੇ ਹਨ। ਵਿਗਿਆਨਕਾਂ ਦੇ ਬਣਾਏ ਹੋਏ ਰਾਕੇਟ ਤਾਂ 40,000 ਕਿਲੋਮੀਟਰ ਪ੍ਰਤੀ ਘੰਟੇ ਦੀ ਸਪੀਡ ਨਾਲ ਜਾਂਦੇ ਹਨ। ਧਰਤੀ ਦੀ ਸਤ੍ਹਾ ਤੋਂ 100 ਕਿਲੋਮੀਟਰ ਉਪਰ ਤਾਂ ਹਵਾ ਹੀ ਖ਼ਤਮ ਹੋ ਜਾਂਦੀ



-ਮੇਘ ਰਾਜ ਮਿੱਤਰ

ਹੈ ਆਵਾਜ਼ ਖਲਾਅ ਵਿੱਚ ਨਹੀਂ ਚੱਲ ਸਕਦੀ। ਇਸ ਲਈ ਸਪੀਕਰਾਂ ਰਾਹੀਂ ਆਵਾਜ਼ ਇਸ ਤੋਂ ਅੱਗੇ ਤਾਂ ਜਾ ਹੀ ਨਹੀਂ ਸਕਦੀ। ਸੋ ਸਪੀਕਰਾਂ ਦੀ ਤਕਨੀਕ ਤਾਂ ਹੁਣ ਬੁੱਢੀ ਹੋ ਚੁੱਕੀ ਹੈ। ਜੇ ਆਵਾਜ਼ ਉੱਪਰ ਪਹੁੰਚਾਉਣੀ ਜਰੂਰੀ ਹੈ ਤਾਂ ਤੁਹਾਨੂੰ ਉੱਥੇ ਵਾਯੂਮੰਡਲ ਵੀ ਪੈਦਾ ਕਰਨਾ ਪਵੇਗਾ ਜਾਂ ਤੁਹਾਨੂੰ ਇਹ ਕੰਮ ਰੇਡੀਓ ਤਰੰਗਾਂ ਰਾਹੀਂ ਕਰਨਾ ਪਵੇਗਾ।

ਪਰ ਵਿਗਿਆਨਕਾਂ ਨੇ ਇੱਕ ਅਜਿਹਾ ਢੰਗ ਵੀ ਵਿਕਸਿਤ ਕਰ ਲਿਆ ਹੈ ਜਿਸ ਵਿੱਚ ਆਵਾਜ਼ ਤਾਰ ਤੋਂ ਵਗੈਰ ਵੀ ਭੇਜੀ ਜਾ ਸਕਦੀ ਹੈ। ਅੱਜ ਤੋਂ 30 ਕੁ ਵਰ੍ਹੇ ਪਹਿਲਾਂ ਸਾਡੇ ਘਰਾਂ ਵਿੱਚ ਲੈਂਡਲਾਈਨ ਫੋਨ ਹੁੰਦਾ ਸੀ। ਜਿਸ ਦੇ ਟਰਾਂਸਮੀਟਰ ਰਾਹੀਂ ਅਸੀਂ ਆਪਣੀ ਆਵਾਜ਼ ਭੇਜ ਸਕਦੇ ਸੀ। ਇਹ ਤਾਰ ਨਾਲ ਇੱਕ ਦੂਜੇ ਦੇ ਸੰਪਰਕ ਵਿੱਚ ਹੁੰਦੇ ਹਨ ਪਰ ਅੱਜ ਕੱਲ੍ਹ ਤਾਂ ਸਾਡੇ ਕੋਲ ਤਾਰ ਰਹਿਤ ਮੋਬਾਇਲ ਫੋਨ ਹੁੰਦਾ ਹੈ ਜਿਸ ਵਿੱਚ ਵੀ ਟਰਾਂਸਮੀਟਰ ਤੇ ਰਿਸੀਵਰ ਲੱਗੇ ਹੁੰਦੇ ਸਨ। ਟਰਾਂਸਮੀਟਰ ਆਵਾਜ਼ ਨੂੰ ਉੱਚੀ ਫਰੀਕਿਓਂਸੀ ਤੇ ਹਵਾ ਵਿੱਚ ਖਿਲਾਰ ਦਿੰਦਾ ਹੈ ਤੇ ਰਿਸੀਵਰ ਇਸ ਫਰੀਕਿਓਂਸੀ ਨੂੰ ਫੜ੍ਹ ਲੈਂਦਾ ਹੈ। ਇਸ ਤਰ੍ਹਾਂ ਆਵਾਜ਼ ਇੱਕ ਥਾਂ ਤੋਂ ਦੂਜੀ ਥਾਂ ਤੇ ਪੁੱਜ ਜਾਂਦੀ ਹੈ। ਬਹੁਤ ਉੱਚੀਆਂ ਫਰੀਕਿਓਂਸੀਆਂ ਰਾਹੀਂ ਆਵਾਜ਼ਾ ਚੰਦਰਮਾਂ ਜਾਂ ਦੂਜੇ ਗ੍ਰਹਿਾਂ ਤੇ ਵੀ ਭੇਜੀਆਂ ਤੇ ਸੁਣੀਆਂ ਜਾ ਸਕਦੀਆਂ ਹਨ।

ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਹ ਆਵਾਜ਼ਾਂ ਪ੍ਰਮਾਤਮਾ ਤੱਕ ਪੁੱਜ ਜਾਂਦੀਆਂ ਹਨ? ਭਾਵੇਂ ਅਸੀਂ ਤਰਕਸ਼ੀਲ ਪ੍ਰਮਾਤਮਾ ਵਿੱਚ ਯਕੀਨ ਨਹੀਂ ਰੱਖਦੇ ਤੇ ਨਾਂ ਹੀ ਅੱਜ ਤੱਕ ਸਾਨੂੰ ਧਰਤੀ ਤੇ ਕੋਈ ਅਜਿਹਾ ਵਿਅਕਤੀ ਮਿਲਿਆ ਹੈ ਜਿਸ ਨੇ ਪ੍ਰਮਾਤਮਾ ਦੇ ਦਰਸ਼ਨ ਕੀਤੇ ਹੋਣ ਪਰ ਫਿਰ ਵੀ ਅਸੀਂ ਚਾਹੁੰਦੇ ਹਾਂ ਕਿ ਪ੍ਰਮਾਤਮਾ ਹੋਵੇ ਤਾਂ ਜੋ ਅਸੀਂ ਉਸ ਨੂੰ ਮਿਲ ਕੇ ਪੁੱਛ ਸਕੀਏ ਕਿ ਸਾਡੇ 'ਭਾਰਤ ਮਹਾਨ' ਵਿੱਚ ਐਨੀ ਗਰੀਬੀ ਕਿਉਂ ਹੈ? ਕਿਉਂ ਇਸਦੀ ਚੌਥਾ ਹਿੱਸਾ ਆਬਾਦੀ ਨੂੰ ਢਿੱਡ ਭਰਨ ਲਈ ਦੋਹਾਂ ਡੰਗਾਂ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ? ਬੇਰੁਜ਼ਗਾਰਾਂ ਦੀਆਂ ਵੱਡੀਆਂ ਗਿਣਤੀਆਂ ਕਿਉਂ ਟੈਂਕੀਆਂ ਤੇ ਚੜੀਆਂ ਹੁੰਦੀਆਂ



ਹਨ? ਇੱਥੇ ਐਨਾਂ ਭ੍ਰਿਸ਼ਟਾਚਾਰ ਕਿਉਂ ਹੈ? ਕਿਉਂ ਹਰ ਰੋਜ ਸੈਂਕੜੇ ਵਿਕਅਤੀ ਦੁਰਘਟਨਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ? ਪਰ ਜਦੋਂ ਅਸੀਂ ਕਿਸੇ ਪੁਜਾਰੀ ਨੂੰ ਪੁੱਛਦੇ ਹਾਂ ਕਿ ਤੁਸੀਂ ਸਪੀਕਰਾਂ ਦਾ ਰੌਲਾ ਕਿਉਂ ਪਾਉਂਦੇ ਰਹਿੰਦੇ ਹੋ ਤਾਂ ਉਨ੍ਹਾਂ ਦਾ ਜਵਾਬ ਹੁੰਦਾ ਹੈ ਕਿ "ਪ੍ਰਮਾਤਮਾ ਨੇ ਸਾਨੂੰ ਖਾਣ ਲਈ ਭੋਜਨ, ਰਹਿਣ ਲਈ ਘਰ, ਪਹਿਨਣ ਲਈ ਕੱਪੜੇ ਅਤੇ ਬੁਢਾਪੇ ਵਿੱਚ ਡੰਗੋਰੀ ਬਣਨ ਵਾਲੇ ਧੀਆਂ ਤੇ ਪੁੱਤਰ ਦਿੱਤੇ ਹਨ। ਇਸ ਲਈ ਅਸੀਂ ਉਸਦੀ ਦਿਨ ਰਾਤ ਪੂਜਾ ਕਰਦੇ ਹਾਂ। ਸਪੀਕਰਾਂ ਰਾਹੀਂ ਉਸਦਾ ਸ਼ੁਕਰਾਨਾ ਭੇਜਦੇ ਹਾਂ। ਆਓ ਵੇਖੀਏ ਕਿ ਸਮੁੱਚੀ ਦੁਨੀਆਂ ਤੇ ਵੱਜਦੇ ਲੱਖਾਂ ਸਪੀਕਰਾਂ ਦੀਆਂ ਆਵਾਜ਼ਾਂ ਉਸ ਕੋਲ ਪੁੱਜਦੀਆਂ ਵੀ ਹਨ ਜਾਂ ਨਹੀਂ? ਕੀ ਉਸ ਕੋਲ ਲੱਖਾਂ ਰਿਸੀਵਰ ਹੁੰਦੇ ਹਨ? ਕੀ ਉਹ ਲੱਖਾਂ ਰਿਸੀਵਰਾਂ ਨੂੰ ਇੱਕੋ ਸਮੇਂ ਸੁਨਣ ਦੇ ਸਮੱਰਥ ਹੈ? ਕੀ ਉਸ ਕੋਲ ਕੋਈ ਅਜਿਹਾ ਸਾਧਨ ਹੈ ਕਿ ਉਹ ਲੱਖਾਂ ਸਪੀਕਰਾਂ ਦੇ ਰੌਲੇ ਰੱਪੇ ਸੁਣ ਸਕਦਾ ਹੈ?

ਵਿਗਿਆਨੀਆਂ ਦੀਆਂ ਦੂਰਬੀਨਾਂ ਲੱਖਾਂ ਕਰੋੜਾਂ ਕਿਲੋਮੀਟਰਾਂ ਤੱਕ ਜਾ ਆਈਆਂ ਹਨ। ਉਨ੍ਹਾਂ ਨੂੰ ਕਿਤੇ ਕਿਸੇ ਪ੍ਰਮਾਤਮਾ ਦੇ ਦਰਸ਼ਨ ਨਹੀਂ ਹੋਏ ਨਾ ਹੀ ਉਨ੍ਹਾਂ ਨੂੰ ਜਿਉਣ ਲਈ ਜਰੂਰੀ ਗੈਸ ਆਕਸੀਜ਼ਨ ਦੀ ਮੌਜੂਦਗੀ ਮਿਲੀ ਹੈ ਪਰ ਵਿਗਿਆਨਕਾਂ ਨੇ ਇਹ ਗੱਲ ਚੰਗੀ ਤਰ੍ਹਾਂ ਸਮਝ ਲਈ ਹੈ ਕਿ ਸਾਡਾ ਬ੍ਰਹਿਮੰਡ ਪ੍ਰਾਕਿਰਤਕ ਨਿਯਮਾਂ ਤਹਿਤ ਸਦਾ ਸੀ ਤੇ ਸਦਾ ਸਵੈ ਚਾਲਿਤ ਰਹੇਗਾ। ਪ੍ਰਾਕ੍ਰਿਤਕ ਨਿਯਮਾਂ ਤਹਿਤ ਹੀ ਘਟਨਾਵਾਂ ਜਾਂ ਦੁਰਘਟਨਾਵਾਂ ਨੇ ਵਾਪਰਦੇ ਰਹਿਣਾ ਹੈ। ਮਾਦੇ ਜਾਂ ਪਦਾਰਥ ਦਾ ਇਹ ਗੁਣ ਹੈ ਕਿ ਇਹ ਵਿਖਰ ਜਾਂਦਾ ਹੈ ਤੇ ਨਵੇਂ ਪਦਾਰਥ ਦੀ ਪੈਦਾਇਸ਼ ਹੋ ਜਾਂਦੀ ਹੈ। ਪਾਠ, ਪੂਜਾ, ਧਾਗੇ ਤਬੀਤਾਂ ਦਾ ਇਨ੍ਹਾਂ ਉੱਪਰ ਕੋਈ ਅਸਰ ਨਹੀਂ ਹੋਵੇਗਾ।

ਅਸੀਂ ਜਾਣਦੇ ਹਾਂ ਕਿ ਸਪੀਕਰਾਂ ਦੇ ਰੌਲੇ ਨਾਲ ਰੋਗੀਆਂ ਦੀ ਨੀਂਦ ਉੱਡ ਜਾਂਦੀ ਹੈ ਤੇ ਇਮਤਿਹਾਨ ਦੇ ਰਹੇ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਵਿਘਨ ਪੈਂਦਾ ਹੈ। ਨੀਂਦ ਦੀਆਂ ਗੋਲੀਆਂ ਖਾ ਕੇ ਸੁੱਤੇ ਬਜ਼ੁਰਗਾਂ ਦੀ ਨੀਂਦ ਵਿੱਚ ਵਿਘਨ ਪੈਂਦਾ ਹੈ। ਧਾਰਮਿਕ ਸਥਾਨਾਂ ਦੇ ਗੁਆਂਢ ਵਿੱਚ ਵਸੇ ਘਰਾਂ ਦੀ ਹਾਲਤ ਤਰਸਯੋਗ ਹੁੰਦੀ ਹੈ। ਫਿਰ ਵੀ ਸਪੀਕਰ ਬੰਦ ਨਹੀਂ ਹੁੰਦੇ ਅਸਲ ਵਿੱਚ ਸਪੀਕਰਾਂ ਦੇ ਰੌਲੇ ਨੂੰ ਕੋਈ ਪਰਦੂਸ਼ਣ ਸਮਝਦਾ ਹੀ ਨਹੀਂ ਜਿਵੇਂ ਪਾਣੀ ਵਿੱਚ ਕੂੜਾ ਸੁੱਟਣ ਨਾਲ ਪਾਣੀ ਗੰਦਾ ਹੋ ਜਾਂਦਾ ਹੈ ਉਸੇ ਤਰ੍ਹਾਂ ਹਵਾ ਵਿੱਚ ਵਾਰ ਵਾਰ ਲਹਿਰਾਂ ਸੁੱਟਣ ਨਾਲ ਹਵਾ ਵੀ ਪ੍ਰਦੂਸ਼ਿਤ ਹੋ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਈ ਵਾਰ ਅਜਿਹੇ ਪੱਤਰ ਲਿਖ ਚੁੱਕੀ ਹੈ ਜਿਸ ਵਿੱਚ ਗੁਰਦੁਆਰਿਆਂ ਦੇ ਗ੍ਰੰਥੀਆਂ ਨੂੰ ਵਾਰ-ਵਾਰ ਅਪੀਲ ਕੀਤੀ ਜਾਂਦੀ ਹੈ ਕਿ ਉਹ ਸਪੀਕਰਾਂ ਦੀ ਆਵਾਜ਼ ਆਪਣੇ ਧਾਰਮਿਕ ਸਥਾਨ ਦੀ ਹਦੂਦ ਦੇ ਅੰਦਰ ਹੀ ਰੱਖਣ। ਪਰ ਉਨ੍ਹਾਂ ਤੇ ਕੋਈ ਅਸਰ ਨਹੀਂ ਹੁੰਦਾ। ਅਦਾਲਤਾਂ ਵੀ ਇਸ ਸਬੰਧੀ ਅਜਿਹੇ ਹੁਕਮ ਹੀ ਜਾਰੀ ਕਰ ਚੁੱਕੀਆਂ ਹਨ ਪਰ ਹੁਕਮਾਂ ਨੂੰ ਲਾਗੂ ਤਾਂ ਸਰਕਾਰੀ ਪ੍ਰਬੰਧਕਾਂ ਨੇ ਕਰਨਾ ਹੁੰਦਾ ਹੈ। ਉਨ੍ਹਾਂ ਵਿੱਚੋਂ ਬਹੁਤੇ ਆਪ ਹੀ ਧਾਰਮਿਕ ਸਥਾਨਾਂ ਦੇ ਭਗਤ ਹੁੰਦੇ ਹਨ। ਇਸ ਲਈ ਉਹ ਇਸ ਨੂੰ ਲਾਗੂ ਨਹੀਂ ਕਰਦੇ, ਜੇ ਕੋਈ ਸਿਰਫਿਰਿਆ ਲਾਗੂ ਕਰ ਵੀ ਬੈਠੇ ਤਾਂ ਧਾਰਮਿਕ ਭੀੜਾਂ ਤੇ ਧਾਰਮਿਕ ਲੀਡਰ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੰਦੇ ਹਨ। ਕਈ ਥਾਂਈ ਇਸ ਸਬੰਧੀ ਲੜਾਈਆਂ ਵੀ ਹੋ ਚੁੱਕੀਆਂ ਹਨ। ਪੰਚਾਇਤਾਂ ਵੀ ਫੈਸਲੇ ਕਰ ਚੁੱਕੀਆਂ ਹਨ ਪਰ ਫਿਰ ਵੀ ਸਪੀਕਰ ਬੰਦ ਨਹੀਂ ਹੁੰਦੇ।

ਪਰ ਸਾਨੂੰ ਤਰਕਸ਼ੀਲਾਂ ਨੂੰ ਵਿਸ਼ਵਾਸ ਹੈ ਕਿ ਕਿਸੇ ਸਮੇਂ ਚੇਤਨ ਹੋਏ ਲੋਕਾਂ ਦੇ ਕਾਫਲੇ ਸਪੀਕਰਾਂ ਨੂੰ ਬੰਦ ਕਰਨ ਦੇ ਸਮੱਰਥ ਜ਼ਰੂਰ ਹੋਣਗੇ।







ਬੱਚਿਆਂ ਲਈ 24 ਰੰਗਦਾਰ ਕਿਤਾਬਾਂ ਦਾ ਸੈੱਟ

ਕੀਮਤ 2610/-




**TARKBHARTI PARKASHAN**

Purani Sabzi Mandi, K. C. Road,

Barnala-148101

Ph. 01679-241744

M. 9357512244



# ਭਾਰਤ ਵਿੱਚ ਸਸਤੀਆਂ ਦਵਾਈਆਂ ਉਪਲੱਬਧ ਕਰਵਾਉਣ ਵਾਲੇ ਇੱਕ ਨੌਜ਼ਵਾਨ ਮੁਸਲਮਾਨ ਦੀ ਕਹਾਣੀ

ਅਨੁਵਾਦਕ : ਜਸਪ੍ਰੀਤ ਕੌਰ

ਮੁਸਲਮਾਨ ਦੇ ਘਰ ਇੱਕ ਮੁੰਡਾ ਹੋਇਆ, ਉਹ ਆਪਣੇ ਪਿਤਾ ਜੀ ਦੀ ਆਗਿਆ ਤੋਂ ਬਿਨਾਂ ਜਰਮਨੀ ਜਾ ਕੇ ਪੜਣ ਲੱਗ ਗਿਆ।1920 ਵਿੱਚ ਉਸਨੇ ਕਮਿਸਟਰੀ ਕਾਫੀ ਪੜ ਲਈ ਸੀ, ਫਿਰ ਉਸਨੂੰ ਇੱਕ ਕਾਮਰੇਡ ਕੁੜੀ ਨਾਲ ਪਿਆਰ ਹੋ ਗਿਆ ਅਤੇ ਉਸ ਨਾਲ ਵਿਆਹ ਕਰਵਾ ਲਿਆ, ਏਨੇ ਨੂੰ ਜਰਮਨੀ ਵਿੱਚ ਹਿਟਲਰੀ ਗੁੰਡਾ ਸਰਕਾਰ ਦਾ ਰਾਜ ਪੱਕਾ ਹੋ ਗਿਆ, ਹਿਟਲਰ ਦੀ ਖੁਫੀਆ ਏਜੰਸੀ ਉਸ ਮੁਸਲਮਾਨਾਂ ਦੇ ਮੁੰਡੇ ਅਤੇ ਕਾਮਰੇਡ ਕੁੜੀ ਦੋਵਾਂ ਨੂੰ ਕਤਲ ਕਰਨ ਦੀਆਂ ਸਾਜਿਸ਼ਾਂ ਬਣਾਉਣ ਲੱਗੀ। ਮੁੰਡਾ ਅਤੇ ਕੁੜੀ ਦੋਵੇਂ ਜਰਮਨੀ ਛੱਡ ਕੇ ਬੰਬਈ ਵਿਚ ਆ ਗਏ। ਮੁੰਡਾ ਬਹੁਤ ਹੁਸ਼ਿਆਰ,ਸਿਆਣਾ ਅਤੇ ਭੱਵਿਖ ਦੀ ਲੋੜ ਤੋਂ ਜਿਆਦਾ ਲੰਬੀ ਸੋਚਦਾ ਸੀ। ਉਸਨੇ ਇੱਕ ਦਵਾਈਆਂ ਬਣਾਉਣ ਵਾਲੀ ਕੰਪਨੀ ਬਣਾਈ।



ਉਸਦਾ ਵਿਚਾਰ ਸੀ ਕਿ (ਨਾਲੇ ਪੁੰਨ ਨਾਲੇ ਫਲੀਆਂ ) ਉਹ ਗਰੀਬਾਂ ਨੂੰ ਸਸਤੀਆਂ ਦਵਾਈਆਂ ਬਣਾ ਕੇ ਦੇਵੇਗਾ।ਸਿਆਣਪ ਨਾਲ ਉਸ ਮੁੰਡੇ ਤੇ ਉਸ ਕਾਮਰੇਡ ਰਹੀ ਕੁੜੀ ਨੇ 1947 ਤੱਕ ਆਪਣੀ ਕੰਪਨੀ ਚੰਗੀ ਸਥਾਪਿਤ ਕਰ ਲਈ । ਇੱਥੋਂ ਤੱਕ ਕਿ ਪਾਕਿਸਤਾਨ ਬਣਨ ਵੇਲੇ ਜ੍ਹਿਨਾਂ ਲੋਕਾਂ ਕਿਹਾ ਸੀ ਕਿ ਸਾਡੇ ਨਾਲ ਪਾਕਿਸਤਾਨ ਚੱਲ, ਅਸੀ ਓਥੈ ਤੈਨੂੰ ਵਧੀਆ ਕਾਰੋਬਾਰ ਬਣਾ ਦਿਆਂਗੇ, ਪਰ ਮੁੰਡੇ ਨੇ ਸਾਫ ਨਾਂਹ ਕਰ ਦਿੱਤੀ, ਕਿਉਕਿ ਉਸਦੇ ਦਿਲ ਵਿੱਚ ਭਾਰਤ ਅਤੇ ਉਥੋਂ ਦੇ ਗਰੀਬ ਲੋਕ ਵਸਦੇ ਸੀ। ਨਾਲ ਹੀ ਕਾਮਰੇਡ ਪ੍ਰਭਾਵ ਵਾਲੀ ਜਰਮਨ ਘਰਵਾਲੀ ਕਰਕੇ ਦੁਨੀਆਂ ਭਰ ਦੇ ਗਰੀਬ ਵੀ ਵਸਦੇ ਸੀ।ਉਹ ਭਾਰਤ ਵਿੱਚ ਹੀ ਰਿਹਾ ਅਤੇ ਉਸਦੇ ਹੁਣ ਜੁਆਕ ਵੀ ਹੋ ਗਏ। ਉਹ ਮੁਸਲਮਾਨ ਮੁੰਡਾ ਹੁਣ ਬੁੱਢਾ ਹੋ ਗਿਆ ਸੀ।ਉਸਦੀ ਘਰਵਾਲੀ ਵੀ ਮਰ ਗਈ।ਹੁਣ ਉਹ ਆਪ ਵੀ ਮਰਨ ਦੇ ਨੇੜੇ ਸੀ, ਉਸਨੇ ਆਪਣਾ ਕਾਰੋਬਾਰ ਆਪਣੇ ਮੁੰਡੇ ਨੂੰ ਸੰਭਾ ਦਿੱਤਾ, ਅਤੇ ਕਿਹਾ ਪੁੱਤ ਗਰੀਬਾਂ ਦਾ ਵੱਧ ਖਿਆਲ ਰੱਖੀਂ,




ਤੇ ਕੰਪਨੀ ਨੂੰ ਅਮੀਰਾਂ ਦੀਆਂ ਦਵਾਈਆਂ ਬਣਾਉਣ ਵਾਲੀ ਕੰਪਨੀ ਨਾ ਬਣਾਈਂ। ਜਿਵੇਂ ਅਮਰੀਕੀ ਤੇ ਯੂਰਪੀ ਕੰਪਨੀਆਂ ਨੇ। ਉਸਦਾ ਮੁੰਡਾ ਉਸਤੋਂ ਵੀ ਚਾਰ ਕਦਮ ਅੱਗੇ ਸੀ। ਉਹ ਪੜ੍ਹਾਈ ਵਿੱਚ , ਬਿਜਨਸ਼ ਵਿੱਚ ਅਤੇ ਰਾਜਨੀਤੀ ਵਿੱਚ ਸਭ ਕੰਮਾਂ ਵਿੱਚ ਹੁਸ਼ਿਆਰ ਸੀ, ਕਿਉਂਕਿ ਉਸਦੀ ਮਾਂ ਵੀ ਇੱਕ ਕਾਮਰੇਡ ਰਹੀ ਸੀ। ਪਿਓ ਦੇ ਪੁੱਤ ਨੇ ਅਮਰੀਕਾ ਦੀਆਂ ਮਹਿੰਗੀਆਂ ਦਵਾਈਆਂ ਦੇ ਸਾਲਟ ਪਤਾ ਕਰਕੇ ਚੋਰੀਓਂ ਦਵਾਈਆਂ ਬਣਾ ਦਿੱਤੀਆਂ ਭਾਰਤ ਵਿੱਚ ਹੀ ! ਅਮਰੀਕਾ ਵਿੱਚ ਦਵਾਈਆਂ ਵੇਚਣ ਵਾਲੇ ਚੀਕਣ ਲੱਗੇ , ਅਮਰੀਕਾ ਸਾਰੇ ਥਾਂ ਰੌਲਾ ਪਾ ਰਿਹਾ ਸੀ ਕਿ ਇਸਦੀ ਕੰਪਨੀ ਤੇ ਕੇਸ ਠੋਕਾਂਗੇ ਅਤੇ ਕੰਪਨੀ ਬੰਦ ਕਰਵਾਂਗੇ। ਇਸਨੂੰ ਜਿਉਣ ਨਹੀ ਦੇਵਾਂਗੇ। ਉਸ ਸਮੇਂ ਰੂਸ ਵਿੱਚ ਕਾਮਰੇਡਾਂ ਦਾ ਰਾਜ ਸੀ, ਭਾਰਤ ਵਿੱਚ ਇੰਦਰਾ ਗਾਂਧੀ ਦਾ। ਬੀਬੀ (ਇੰਦਰਾ ਗਾਂਧੀ) ਵੀ ਅੰਦਰੋਂ ਘੋਰੀ ਸੀ, ਪੂਰੀ ਘਰੋੜ ਕੱਢਣ ਵਾਲੀ। ਅਮਰੀਕਾ ਦੀ ਸਰਕਾਰ ਉਸਨੂੰ ਬੁੱਢੀ ਭੂਤਨੀ ਜਾਦੂਗਰਨੀ ਤੱਕ ਕਹਿੰਦੀ ਹੁੰਦੀ ਸੀ। ਪਰ ਬਿਜਨਸ਼ ਖਰਾਬ ਹੁੰਦਾ ਦੇਖ ਅਮਰੀਕਾ ਨੇ ਇੰਦਰਾ ਗਾਂਧੀ ਨਾਲ ਗੱਲ ਕੀਤੀ।ਉਸ ਸਮੇਂ ਅਮਰੀਕਾ ਦੀ ਏਨੀ ਹਿੰਮਤ ਨਹੀ ਸੀ ਹੁੰਦੀ ਕਿ ਭਾਰਤ ਨੂੰ ਧਮਕੀ ਦੇ ਸਕੇ। ਜਿਵੇਂ ਹੁਣ ਸਾਡੇ ਆਲੇ ਗੁਜਰਾਤੀ ਵਪਾਰੀ ਨੂੰ ਟਰੰਪ ਵਰਗੇ ਧਮਕੀਆਂ ਦਿੰਦੇ ਆ....। 1980 ਈ: ਇੰਦਰਾ ਗਾਂਧੀ ਕੰਪਨੀ ਦੇ ਮਾਲਕ ਉਸ ਮੁੰਡੇ ਨੂੰ ਸੱਦਿਆ, ਕਿਹਾ ਕਿ ਕੰਪਨੀਆਂ ਦੇ ਕਾਨੂੰਨ ਦੇ ਅਸੂਨ ਨੇ ਪੇਟੈਂਟ ਨੇ ਆਪਾਂ ਚੋਰੀਓਂ ਸਾਲਟ ਦੀਆਂ ਦਵਾਈਆਂ ਕਿਮੇਂ ਬਣਾ ਸਕਦੇ ਆਂ, ਸਿਆਣੇ ਮਾਪਿਆਂ ਦਾ ਸਿਆਣਾ ਮੁੰਡਾ ਉਸ ਨਵਾਂ ਹੀ ਸੱਪ ਕੱਢ ਮਾਰਿਆ ! ਕਿਹਾ ਬੀਬੀ ਤੂੰ ਪੇਟੈਂਟ ਕਾਨੂੰਨ ਹੀ ਬਦਲ ਦੇ, ਤੇਰੇ ਤਰੀਕੇ ਨਾਲ ਨੀ ਬਣਦੇ ਦਵਾਈਆਂ ਦੇ ਸਾਲਟ !!! ਅਸੀ ਭਾਂਵੇ ਕਾਲੇ ਚੋਰ ਤੋਂ ਸਿੱਖੀਏ ਬਣਾ□ਣ ਦਾ ਤਰੀਕਾ। ਆਖਰੀ ਪਰੋਡਕਟ ਓਹੀ ਹੋਵੇਗਾ ਪਰ ਬਣਾਉਣ ਦਾ ਢੰਗ ਆਪਣਾ ਵੱਖਰਾ ਹੋਵੇਗਾ। ਕਾਮਰੇਡ ਰੂਸ ਦੀ ਦੋਸਤੀ ਨੇ ਇੰਦਰਾ ਨੂੰ ਦਲੇਰੀ ਦੇ ਰੱਖੀ ਸੀ। ਕਾਨੂੰਨ ਬਣ ਗਿਆ, ਅਮਰੀਕਾ ਇਕ ਵਾਰ ਫੇਰ ਹਾਰ ਗਿਆ।ਕੰਪਨੀ ਦਾ ਕਾਰੋਬਾਰ ਬੜਾ ਵਧ ਗਿਆ।

ਗਰੀਬਾਂ ਨੂੰ ਸਸਤੀਆਂ ਦਵਾਈਆਂ ਮਿਲਣ ਲੱਗੀਆਂ। ਏਡਜ਼, ਟੀ.ਬੀ ਆਦਿ ਹਰੇਕ ਦਵਾਈ ਬਣਾ ਕੇ ਇਸ ਕੰਪਨੀ ਨੇ ਭਾਰਤ ਦੇ ਕਰੋੜਾਂ ਗਰੀਬ ਅਫਰੀਕਾ, ਅਮਰੀਕਾ ਵਰਗੇ ਦੇਸ਼ਾਂ ਤੋਂ ਲੁੱਟਣੋਂ ਬਚਾ ਲਏ। ਇਸ ਕੰਪਨੀ ਨੇ ਇਕ ਮਲੇਰੀਏ ਦੀ ਦਵਾਈ ਬਣਾਈ ਹਾਈਡਰੋਕਸੀਕਲੋਰੋਕੁਈਨ ! ਇਸ ਦਵਾਈ ਨਾਲ ਮਲੇਰੀਆ ਦੀ ਬਿਮਾਰੀ ਤੇ ਵੀ ਕਾਬੂ ਪਾ ਲਿਆ ਗਿਆ। ਸਮੇਂ ਦਾ ਚੱਕਰ ਦੇਖੋ ਹੁਣ ਕਰੋਨਾ (ਵਾਇਰਸ) ਆ ਗਿਆ। ਸਾਰੇ ਸੰਸਾਰ ਨੂੰ ਅੱਖਾਂ ਦਿਖਾਉਣ ਵਾਲਾ ਅਮਰੀਕਾ ਵੀ ਫਸ ਗਿਆ। ਲੱਖਾਂ ਲੋਕ ਮਰ ਗਏ। ਭੱਜਣ ਨੂੰ ਕੋਈ ਰਾਹ ਨਾ ਮਿਲਿਆ, ਫੇਰ ਉਹਨਾਂ ਨੂੰ ਪਤਾ ਲੱਗਾ ਕਿ ਭਾਰਤ ਵਿੱਚ ਕਾਮਰੇਡ ਰਹੀ ਮਾਂ ਅਤੇ ਮੁਸਲਮਾਨ ਪਿਓ ਦੇ ਮੁੰਡੇ ਦੀ ਕੰਪਨੀ ਬਣਾਉਂਦੀ ਆ ਇਸ ਬਿਮਾਰੀ ਦੀ ਦਵਾਈ....(ਹਾਈਡਰੋਕਸੀਕਲੋਰੋਕੁਈਨ)....। ਅਮਰੀਕਾ ਨੇ ਧੱਕੇ ਨਾਲ, ਧਮਕੀ ਨਾਲ ਜਿਵੇਂ ਮਰਜੀ ਇਹ ਦਵਾਈ ਸਾਡੇ ਵਾਲੇ ਡਰਪੋਕ ਤੋਂ ਮੰਗਵਾ ਹੀ ਲਈ ਆਪਣੇ ਦੇਸ਼। ਪਰ ਇੱਕ ਗੱਲ ਤਾਂ ਪੱਕੀ ਹੈ ਕਿ ਜਿਹੜੀ ਕੰਪਨੀ ਨੂੰ ਸੰਨ 1978 ਵਿੱਚ ਫਸਾ ਕੇ ਅਮਰੀਕਾ ਖਤਮ ਕਰਨ ਨੂੰ ਫਿਰਦਾ ਸੀ, ਓਹੀ ਕੰਪਨੀ ਅੱਜ ਉਸਦੀ ਤਾਰਨ ਹਾਰ ਬਣੀ ਐ। ਇਹ ਤਾਂ ਸਾਡੇ ਵਾਲੇ ਡਰਪੋਕ ਨੇ ਦੇਖਣਾ ਸੀ ਕਿ ਦਵਾਈ ਪਹਿਲਾਂ ਆਪਣੇ ਗਰੀਬ ਦੇਸਵਾਸੀਆਂ ਵਾਸਤੇ ਮੁਹੱਇਆ ਕਰਵਾਉਂਦਾ ਅਤੇ ਫੇਰ ਅਮਰੀਕਾ ਨੂੰ ਦਿੰਦਾ।




ਪਰ ਇੱਕ ਗੱਲ ਤਾਂ ਬਿਲਕੁਲ ਸਾਫ ਤੇ ਸਪੱਸ਼ਟ ਹੈ ਕਿ ਅੱਜ ਕਰੋਨਾ ਖਿਲਾਫ ਵਰਤੀ ਜਾਣ ਵਾਲੀ ਇੱਕ ਮੁੱਖ ਦਵਾਈ ਹਾਈਡਰੋਕਸੀਕਰੋਰੋਕੁਈਨ ਇੱਕ ਮੁਸਲਮਾਨ ਬੰਦੇ ਦੀ ਕੰਪਨੀ ਨੇ ਬਣਾਈ ਹੈ। ਜਿਸਦੀ ਘਰਵਾਲੀ ਜਰਮਨ ਕਾਮਰੇਡ ਸੀ। ਭਾਈ ਹੁਣ ਮੁਸਲਮਾਨਾਂ ਨੂੰ , ਕਾਮਰੇਡਾਂ ਨੂੰ , ਨਫਰਤ ਕਰਨ ਵਾਲੇ ਹਿੰਦੂਤਵੀ ਇਸ ਦਵਾਈ ਨੂੰ ਜਿਹਾਦ ਨਾ ਕਹਿਣ ਲੱਗ ਜਾਇਓ।

ਯਾਦ ਰੱਖੋ ਕੰਪਨੀ ਦਾ ਨਾਮ ਹੈ : ਸਿਪਲਾ

ਮਾਲਕ ਫਾਊਂਡਰ ਹੈ : ਖਵਾਜਾ ਅਬਦੁਲ ਹਮੀਦ....

# ਤਰਕਭਾਰਤੀ ਪ੍ਰਕਾਸ਼ਨ ਬਰਨਾਲਾ ਵੱਲੋਂ ਬੱਚਿਆਂ ਲਈ ਪ੍ਰਕਾਸ਼ਿਤ ਨਵੀਆਂ 32 ਰੰਗੀਨ ਕਿਤਾਬਾਂ




80/-




70/-




80/-




70/-




80/-




80/-




70/-




80/-





ਦੋਸਤੋ ਪਾਠਕਾਂ ਦੀ ਵਿਸ਼ੇਸ਼ ਮੰਗ ’ਤੇ ਅਸੀਂ ਤਰਕਸ਼ੀਲ ਸੁਸਾਇਟੀ ਭਾਰਤ ਦੇ ਬੁਲਾਰੇ ਮੈਗਜ਼ੀਨ ‘ਵਿਗਿਆਨ ਜੋਤ’ ਨੂੰ ਮੁੜ ਸ਼ੁਰੂ ਕਰ ਰਹੇ ਹਾਂ। ਹੁਣ ਤੋਂ ਇਹ ਹਰ ਮਹੀਨੇ ਤੁਸੀਂ ਸੁਸਾਇਟੀ ਦੀ ਵੈਬਸਾਈਟ ਉੱਤੇ ਪੜ੍ਹ ਸਕੋਂਗੇ।

ਵੈਬਸਾਈਟ ਦਾ ਪਤਾ:
www.therationalist.in

ਸਾਡਾ ਈਮੇਲ ਪਤਾ:
tarksheel@gmail.com

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
01679-233244, 241744

ਵਿਸ਼ੇਸ਼ ਨੋਟ :- ਤੁਸੀਂ ਉਪਰੋਕਤ ਵੈਬਸਾਈਟ ਤੇ ਪਿਛਲੇ 10 ਵਰ੍ਹਿਆਂ ਦੇ ‘ਵਿਗਿਆਨ ਜੋਤ’ ਅਤੇ ਤਰਕਸ਼ੀਲ ਸੁਸਾਇਟੀ ਭਾਰਤ ਨਾਲ ਸੰਬੰਧਿਤ ਬਹੁਤ ਸਾਰੀਆਂ ਕਿਤਾਬਾਂ ਪੜ੍ਹ ਸਕਦੇ ਹੋ।